**FEDERAL COURT OF AUSTRALIA**

# ਆਪਣਾ ਮੁਕੱਦਮਾ ਖੁਦ ਲੜਨ ਵਾਲੇ ਲਈ ਪ੍ਰੈਕਟਿਸ ਨੋਟ (GPN-LIP)

ਕਿਰਪਾ ਕਰਕੇ ਇਸ ਪੂਰੇ ਪ੍ਰੈਕਟਿਸ (ਅਭਿਆਸ) ਨੋਟ ਨੂੰ ਧਿਆਨ ਨਾਲ ਪੜ੍ਹੋ। ਇਹ ਤੁਹਾਨੂੰ ਦੱਸਦਾ ਹੈ ਕਿ ਕਿਸੇ ਵਕੀਲ ਤੋਂ ਬਿਨਾਂ ਆਪਣਾ ਮੁਕੱਦਮਾ ਲੜਨ ਤੋਂ ਪਹਿਲਾਂ ਤੁਹਾਨੂੰ ਕੀ ਜਾਣਨ ਦੀ ਲੋੜ ਹੈ।

ਜੇ ਪੜ੍ਹਨਾ ਤੁਹਾਡੇ ਲਈ ਮੁਸ਼ਕਿਲ ਹੈ, ਜਾਂ ਤੁਹਾਡੀ ਅੰਗਰੇਜ਼ੀ ਵਧੀਆ ਨਹੀਂ ਹੈ, ਤਾਂ ਕਿਰਪਾ ਕਰਕੇ ਮਦਦ ਲਓ।

ਇਹ ਪ੍ਰੈਕਟਿਸ ਨੋਟ ਦੇਖਣ ਵਿੱਚ ਜਿੰਨਾ ਲੰਬਾ ਲੱਗਦਾ ਹੈ, ਅਸਲ ਵਿੱਚ ਉਨਾ ਲੰਬਾ ਨਹੀਂ ਹੈ। ਇਸ ਦੇ ਚਾਰ ਭਾਗ ਹਨ, ਜਿਨ੍ਹਾਂ ਨੂੰ ਅਟੈਚਮੈਂਟ (ਨਾਲ ਨੱਥੀ ਕੀਤਾ ਹਿੱਸਾ) ਕਿਹਾ ਜਾਂਦਾ ਹੈ:

- ਜੇ ਅਸੀਂ ਕਾਨੂੰਨੀ ਸ਼ਬਦਾਵਲੀ ਜਾਂ ਤਕਨੀਕੀ ਸ਼ਬਦਾਂ ਦੀ ਵਰਤੋਂ ਕਰਦੇ ਹਾਂ, ਤਾਂ ਅਟੈਚਮੈਂਟ A ਤੁਹਾਡੀ ਮਦਦ ਕਰੇਗੀ। ਅਸੀਂ ਉਨ੍ਹਾਂ ਸ਼ਬਦਾਂ ਨੂੰ ਇਸ ਤਰ੍ਹਾਂ ਮੋਟੇ ਅੱਖਰਾਂ ਵਿੱਚ ਛਾਪਾਂਗੇ। ਮੋਟੇ ਅੱਖਰਾਂ ਵਿੱਚ ਛਾਪੇ ਗਏ ਸ਼ਬਦਾਂ ਨੂੰ 'ਅਟੈਚਮੈਂਟ A' ਵਿੱਚ ਪ੍ਰਭਾਸ਼ਿਤ ਕੀਤਾ ਗਿਆ ਹੈ। ਤੁਹਾਨੂੰ 'ਅਟੈਚਮੈਂਟ A' 'ਤੇ ਜਾਣਾ ਚਾਹੀਦਾ ਹੈ, ਅਤੇ ਜੋ ਕੁਝ ਤੁਸੀਂ ਮੋਟੇ ਅੱਖਰਾਂ ਵਿੱਚ ਪੜ੍ਹਿਆ ਹੈ, ਉਸ ਨੂੰ ਲੱਭਣਾ ਚਾਹੀਦਾ ਹੈ, ਇਹ ਦੇਖਣ ਲਈ ਕਿ ਇਨ੍ਹਾਂ ਦਾ ਕੀ ਮਤਲਬ ਹੈ।
- ਅਟੈਚਮੈਂਟ B ਫ਼ੈਡਰਲ ਕੋਰਟ ਆਫ਼ ਆਸਟ੍ਰੇਲੀਆ ਐਕਟ *1976* (Cth) ਦੀ ਧਾਰਾ 37M ਅਤੇ 37N ਦਾ ਸਾਰਾਂਸ਼ ਦੱਸਦੀ ਹੈ, ਜੋ ਤੁਹਾਨੂੰ ਕੇਸਾਂ ਨੂੰ ਤੇਜ਼ੀ ਨਾਲ ਅਤੇ ਵਾਜਬ ਤਰੀਕੇ ਨਾਲ ਹੱਲ ਕਰਨ ਦੇ ਅਦਾਲਤ ਦੇ ਟੀਚੇ ਬਾਰੇ ਦੱਸਦੀਆਂ ਹਨ।
- ਅਟੈਚਮੈਂਟ C ਵਿੱਚ ਅਦਾਲਤ ਦੇ ਹੋਰ **ਪ੍ਰੈਕਟਿਸ ਨੋਟਾਂ** ਦੀ ਸੂਚੀ ਹੈ। ਅਦਾਲਤ ਕੋਲ ਵੱਖ-ਵੱਖ ਕਿਸਮਾਂ ਦੇ ਕੇਸਾਂ ਬਾਰੇ **ਪ੍ਰੈਕਟਿਸ ਨੋਟ** ਹਨ।
- ਅਟੈਚਮੈਂਟ D ਵਿੱਚ ਮੁਫ਼ਤ **ਕਾਨੂੰਨੀ ਖੋਜ ਡੈਟਾਬੇਸਾਂ** ਦੀ ਸੂਚੀ ਹੈ, ਜਿਸ ਦੀ ਵਰਤੋਂ ਤੁਸੀਂ ਕਰ ਸਕਦੇ ਹੋ।

ਅਦਾਲਤ ਤੁਹਾਨੂੰ ਇੱਕ ਫਾਰਮ 'ਤੇ ਦਸਤਖ਼ਤ ਕਰਨ ਲਈ ਕਹੇਗੀ, ਜੋ ਅਦਾਲਤ ਨੂੰ ਦੱਸਦਾ ਹੈ ਕਿ ਤੁਸੀਂ ਇਨ੍ਹਾਂ ਸਾਰੇ ਪ੍ਰੈਕਟਿਸ ਨੋਟਾਂ ਨੂੰ ਪੜ੍ਹ ਲਿਆ ਹੈ। ਅਦਾਲਤ ਵੱਲੋਂ ਕੋਈ ਵਿਅਕਤੀ ਤੁਹਾਨੂੰ ਇਹ ਫਾਰਮ ਦੇਵੇਗਾ, ਜਾਂ ਇਸ ਨੂੰ ਤੁਹਾਨੂੰ ਈਮੇਲ ਕਰੇਗਾ, ਜਾਂ ਜੇ ਤੁਸੀਂ ਈਮੇਲ ਦੀ ਵਰਤੋਂ ਨਹੀਂ ਕਰਦੇ ਤਾਂ ਇਸ ਨੂੰ ਤੁਹਾਨੂੰ ਡਾਕ ਰਾਹੀਂ ਭੇਜੇਗਾ।

# 1. ਜਾਣ-ਪਛਾਣ

1.1. ਇਹ ਪ੍ਰੈਕਟਿਸ ਨੋਟ ਆਸਟ੍ਰੇਲੀਆ ਦੀ ਫ਼ੈਡਰਲ ਕੋਰਟ ਵਿੱਚ ਆਪਣਾ ਮੁਕੱਦਮਾ ਖੁਦ ਲੜਨ ਵਾਲੇ ਵਾਸਤੇ ਹੈ।

1.2. ਜੇ ਅਦਾਲਤ ਵਿੱਚ ਤੁਹਾਡਾ ਕੋਈ **ਕਾਨੂੰਨੀ ਕੇਸ** ਹੈ, ਅਤੇ ਤੁਹਾਡੀ **ਨੁਮਾਇੰਦਗੀ** ਕਰਨ ਲਈ ਤੁਹਾਡੇ ਕੋਲ ਕੋਈ ਵਕੀਲ ਨਹੀਂ ਹੈ ਤਾਂ ਤੁਸੀਂ **ਆਪਣਾ ਮੁਕੱਦਮਾ** ਖੁਦ ਲੜਨ ਵਾਲੇ ਵਿਅਕਤੀ ਹੋ।

1.3. **ਆਪਣਾ ਮੁਕੱਦਮਾ ਖੁਦ ਲੜਨ ਵਾਲਾ** ਵਿਅਕਤੀਗਤ ਤੌਰ 'ਤੇ ਇੱਕ ਗੰਭੀਰ ਕੰਮ ਕਰਦਾ ਹੈ, ਜੋ ਜ਼ਿੰਮੇਵਾਰੀਆਂ ਦੇ ਨਾਲ ਆਉਂਦਾ ਹੈ।

1.4. ਇਹ **ਪ੍ਰੈਕਟਿਸ ਨੋਟ** ਤੁਹਾਨੂੰ ਦੱਸੇਗਾ:

(a) ਕੁਝ ਚੀਜ਼ਾਂ ਜੋ ਤੁਹਾਨੂੰ ਕਰਨੀਆਂ ਚਾਹੀਦੀਆਂ ਹਨ, ਅਤੇ ਜੇ ਤੁਸੀਂ ਇਨ੍ਹਾਂ ਨੂੰ ਨਹੀਂ ਕਰਦੇ ਤਾਂ ਕੀ ਹੋਵੇਗਾ;

(b) ਕੁਝ ਚੀਜ਼ਾਂ ਜੋ ਤੁਹਾਨੂੰ ਨਹੀਂ ਕਰਨੀਆਂ ਚਾਹੀਦੀਆਂ, ਅਤੇ ਜੇ ਤੁਸੀਂ ਉਨ੍ਹਾਂ ਨੂੰ ਕਰਦੇ ਹੋ ਤਾਂ ਕੀ ਹੋਵੇਗਾ;

(c) ਅਦਾਲਤ ਅਤੇ ਉਥੇ ਕੰਮ ਕਰਨ ਵਾਲੇ ਲੋਕ ਕੀ ਕਰਦੇ ਹਨ, ਅਤੇ ਉਹ ਕੀ ਨਹੀਂ ਕਰ ਸਕਦੇ ਹਨ; ਅਤੇ

(d) ਜਦੋਂ ਵਕੀਲ ਅਦਾਲਤ ਵਿੱਚ ਲੋਕਾਂ ਦੀ **ਨੁਮਾਇੰਦਗੀ** ਕਰਦੇ ਹਨ, ਤਾਂ ਉਹ ਕੀ ਕਰਦੇ ਹਨ, ਅਤੇ ਉਹ ਕੀ ਨਹੀਂ ਕਰ ਸਕਦੇ ਹਨ।

1.5. ਇਹ ਪ੍ਰੈਕਟਿਸ ਨੋਟ ਤੁਹਾਨੂੰ ਬਹੁਤ ਕੁਝ ਦੱਸਦਾ ਹੈ ਕਿ ਤੁਹਾਨੂੰ ਇਸ ਬਾਰੇ ਜਾਣਨ ਦੀ ਜ਼ਰੂਰਤ ਹੈ, ਕਿ ਕੇਸ ਨੂੰ ਕਿਵੇਂ ਚਲਾਉਣਾ ਹੈ ਜਾਂ ਬਚਾਅ ਕਿਵੇਂ ਕਰਨਾ ਹੈ। ਇਹ ਤੁਹਾਨੂੰ ਉਹ ਸਭ ਕੁਝ ਨਹੀਂ ਦੱਸਦਾ, ਜਿਸ ਦੀ ਤੁਹਾਨੂੰ ਜਾਣਨ ਦੀ ਲੋੜ ਹੈ। ਕੁਝ ਚੀਜ਼ਾਂ ਜੋ ਤੁਹਾਨੂੰ ਜਾਣਨ ਦੀ ਜ਼ਰੂਰਤ ਹੈ, ਉਹ ਤੁਹਾਡੇ ਕੇਸ ਦੀ ਕਿਸਮ 'ਤੇ ਨਿਰਭਰ ਕਰਨਗੀਆਂ। ਤੁਹਾਨੂੰ ਅਦਾਲਤ ਦੇ ਹੋਰ **ਪ੍ਰੈਕਟਿਸ ਨੋਟਾਂ** ਨੂੰ ਵੇਖਣ ਦੀ ਲੋੜ ਪੈ ਸਕਦੀ ਹੈ। ਤੁਹਾਨੂੰ ਹੋਰਨਾਂ ਥਾਵਾਂ 'ਤੇ ਨਿਯਮ ਲੱਭਣ ਦੀ ਲੋੜ ਪੈ ਸਕਦੀ ਹੈ।

1.6. ਅਦਾਲਤ ਕੋਲ ਇੱਕ ਸੈਂਟਰਲ ਪ੍ਰੈਕਟਿਸ ਨੋਟ (CPN-1) ਹੈ, ਜੋ ਸਾਰੇ ਕੇਸਾਂ ਵਾਸਤੇ ਹੈ। ਇਹ ਤੁਹਾਡੀ ਮਦਦ ਕਰੇਗਾ ਕਿ ਅਦਾਲਤ ਕਿਵੇਂ ਕੰਮ ਕਰਦੀ ਹੈ। ਅਦਾਲਤ ਕੋਲ ਕੁਝ ਹੋਰ **ਪ੍ਰੈਕਟਿਸ ਨੋਟ** ਵੀ ਹਨ, ਜੋ ਵੱਖ-ਵੱਖ ਕਿਸਮਾਂ ਦੇ ਕੇਸਾਂ ਲਈ ਹਨ। ਉਦਾਹਰਨ ਲਈ, ਮਾਈਗ੍ਰੇਸ਼ਨ ਪ੍ਰੈਕਟਿਸ ਨੋਟ (MIG-1)

ਪ੍ਰਵਾਸ ਦੇ ਮਾਮਲਿਆਂ ਵਾਸਤੇ ਹੈ। ਤੁਸੀਂ ਅਦਾਲਤ ਦੇ **ਪ੍ਰੈਕਟਿਸ ਨੋਟਾਂ** ਦੀ ਇੱਕ ਸੂਚੀ ਅਟੈਚਮੈਂਟ C ਵਿੱਚ ਦੇਖ ਸਕਦੇ ਹੋ। ਤੁਸੀਂ **ਪ੍ਰੈਕਟਿਸ ਨੋਟਾਂ** ਨੂੰ ਅਦਾਲਤ ਦੀ ਵੈੱਬਸਾਈਟ 'ਤੇ ਵੀ ਦੇਖ ਸਕਦੇ ਹੋ।

1.7. ਅਦਾਲਤ ਆਸਟ੍ਰੇਲੀਆ ਦੀ ਸੰਸਦ ਦੇ ਇੱਕ ਕਾਨੂੰਨ ਅਧੀਨ ਕੰਮ ਕਰਦੀ ਹੈ, ਜਿਸ ਨੂੰ ਫ਼ੈਡਰਲ ਕੋਰਟ ਆਫ਼ ਆਸਟ੍ਰੇਲੀਆ ਐਕਟ *1976* (Cth) ਕਿਹਾ ਜਾਂਦਾ ਹੈ (ਅਸੀਂ ਇਸ ਨੂੰ "ਕਾਨੂੰਨ" ਕਹਾਂਗੇ)। ਅਦਾਲਤ ਵਿੱਚ ਅਦਾਲਤ ਦੇ ਜੱਜਾਂ ਦੁਆਰਾ ਬਣਾਏ ਗਏ ਨਿਯਮ ਵੀ ਹਨ, ਜਿੰਨ੍ਹਾਂ ਨੂੰ ਫ਼ੈਡਰਲ ਕੋਰਟ ਰੂਲਜ਼ *2011* (Cth) ਕਿਹਾ ਜਾਂਦਾ ਹੈ (ਅਸੀਂ ਇਨ੍ਹਾਂ ਨੂੰ "ਨਿਯਮ" ਕਹਾਂਗੇ)। ਸੈਂਟਰਲ ਪ੍ਰੈਕਟਿਸ ਨੋਟ ਅੰਸ਼ਕ ਤੌਰ 'ਤੇ ਕਾਨੂੰਨ ਅਤੇ ਨਿਯਮਾਂ 'ਤੇ ਆਧਾਰਿਤ ਹੈ।

1.8. ਅਦਾਲਤ ਦਾ ਉਦੇਸ਼ ਕੇਸਾਂ ਨੂੰ ਜਲਦੀ ਅਤੇ ਨਿਰਪੱਖ ਢੰਗ ਨਾਲ ਹੱਲ ਕਰਨਾ ਹੈ। ਅੱਗੇ ਵਧਣ ਤੋਂ ਪਹਿਲਾਂ ਤੁਹਾਨੂੰ ਕਾਨੂੰਨ ਦੀ ਧਾਰਾ 37M ਅਤੇ 37N ਨੂੰ ਪੜ੍ਹਨਾ ਚਾਹੀਦਾ ਹੈ। ਤੁਸੀਂ ਉਨ੍ਹਾਂ ਧਾਰਾਵਾਂ ਦਾ ਸਾਰਾਂਸ਼ ਅਟੈਚਮੈਂਟ B ਵਿੱਚ ਵੇਖੋਗੇ। ਧਾਰਾ 37M ਵਿਵਾਦਾਂ ਨੂੰ ਤੇਜ਼ੀ ਨਾਲ ਅਤੇ ਨਿਰਪੱਖ ਢੰਗ ਨਾਲ ਹੱਲ ਕਰਨ ਲਈ ਅਦਾਲਤ ਦੇ ਟੀਚੇ ਬਾਰੇ ਦੱਸਦੀ ਹੈ। ਧਾਰਾ 37N ਕਹਿੰਦੀ ਹੈ ਕਿ ਸਾਰੇ ਮੁਕੱਦਮੇਬਾਜ਼ਾਂ ਨੂੰ ਉਸ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ।

1.9. ਸਾਰੀਆਂ ਅਦਾਲਤਾਂ ਇਸ ਗੱਲ ਵਿੱਚ ਵੱਖਰੀਆਂ ਹਨ ਕਿ ਉਹ ਕਿਵੇਂ ਕੰਮ ਕਰਦੀਆਂ ਹਨ। ਹੋ ਸਕਦਾ ਹੈ ਤੁਹਾਡਾ ਕੋਈ ਕੇਸ ਕਿਸੇ ਹੋਰ ਅਦਾਲਤ ਜਾਂ ਟ੍ਰਿਬਿਊਨਲ ਵਿੱਚ ਸੁਣਿਆ ਗਿਆ ਹੋਵੇ। ਤੁਹਾਨੂੰ ਇਹ ਜਾਣਨ ਦੀ ਲੋੜ ਹੈ ਕਿ ਅਦਾਲਤ, ਉਸ ਹੋਰ ਅਦਾਲਤ ਜਾਂ ਟ੍ਰਿਬਿਊਨਲ ਨਾਲੋਂ ਵੱਖਰੇ ਤਰੀਕੇ ਨਾਲ ਕੰਮ ਕਰ ਸਕਦੀ ਹੈ।

# 2. ਕਾਨੂੰਨੀ ਮਦਦ ਪ੍ਰਾਪਤ ਕਰਨਾ

2.1. ਕਿਸੇ ਵਕੀਲ ਦੀ ਮਦਦ ਤੋਂ ਬਿਨਾਂ ਆਪਣੇ ਆਪ ਕੋਈ ਕੇਸ ਸ਼ੁਰੂ ਕਰਨ, ਜਾਂ ਤੁਹਾਡੇ ਖਿਲਾਫ਼ ਲਿਆਂਦੇ ਗਏ ਕਿਸੇ ਕੇਸ ਦਾ ਬਚਾਅ ਕਰਨ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਤੁਹਾਨੂੰ ਕਿਸੇ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ।

2.2. ਕੋਈ ਕੇਸ ਲੜਨਾ ਅਤੇ ਇਸ ਨੂੰ ਹਾਰਨਾ ਬਹੁਤ ਮਹਿੰਗਾ ਹੋ ਸਕਦਾ ਹੈ। ਜੋ ਵਿਅਕਤੀ ਹਾਰਦਾ ਹੈ, ਉਸ ਨੂੰ ਆਮ ਤੌਰ 'ਤੇ ਜੇਤੂ ਦੇ **ਖ਼ਰਚੇ** ਦੇਣੇ ਪੈਂਦੇ ਹਨ। ਇਹ **ਖ਼ਰਚੇ** ਕਈ ਹਜ਼ਾਰ ਡਾਲਰ ਹੋ ਸਕਦੇ ਹਨ।

2.3. ਇਸ ਤੋਂ ਪਹਿਲਾਂ ਕਿ ਤੁਸੀਂ ਬਿਨਾਂ ਕਿਸੇ ਵਕੀਲ ਦੇ ਅੱਗੇ ਵਧਣ ਦਾ ਫ਼ੈਸਲਾ ਕਰੋ, ਤੁਹਾਨੂੰ ਇਸ ਬਾਰੇ ਧਿਆਨ ਨਾਲ ਸੋਚਣਾ ਚਾਹੀਦਾ ਹੈ ਕਿ ਤੁਹਾਨੂੰ ਆਪਣਾ ਕੇਸ ਜਿੱਤਣ ਲਈ ਕੀ ਚਾਹੀਦਾ ਹੈ। ਆਪਣਾ ਕੇਸ ਜਿੱਤਣ ਲਈ, ਤੁਹਾਨੂੰ ਇਹ ਕਰਨ ਦੀ ਲੋੜ ਹੈ:

(a) ਅਦਾਲਤ ਵਿੱਚ ਉਹ **ਸਬੂਤ** ਲਿਆਉਣਾ, ਜੋ ਇਹ ਸਾਬਤ ਕਰਨਗੇ ਕਿ ਤੱਥ ਉਸੇ ਤਰ੍ਹਾਂ ਹਨ, ਜਿਵੇਂ ਤੁਸੀਂ ਕਹਿੰਦੇ ਹੋ;

(b) ਉਹ **ਕਾਨੂੰਨ** ਲੱਭੋ ਜੋ ਕੇਸ 'ਤੇ ਲਾਗੂ ਹੁੰਦਾ ਹੈ; ਅਤੇ

(c) ਅਦਾਲਤ ਨੂੰ ਦਲੀਲ ਦੇਣੀ ਚਾਹੀਦੀ ਹੈ ਕਿ **ਕਾਨੂੰਨ** ਦਾ ਮਤਲਬ ਹੈ, ਕਿ ਅਦਾਲਤ ਨੂੰ ਕੇਸ ਦਾ ਫ਼ੈਸਲਾ ਤੁਹਾਡੇ ਦੱਸੇ ਤਰੀਕੇ ਨਾਲ ਕਰਨਾ ਚਾਹੀਦਾ ਹੈ।

2.4. ਵਕੀਲਾਂ ਨੂੰ ਕੇਸ ਲੜਨ ਲਈ ਸਿਖਲਾਈ ਦਿੱਤੀ ਜਾਂਦੀ ਹੈ। ਉਹ ਜਾਣਦੇ ਹਨ ਕਿ ਅਦਾਲਤ ਵਿੱਚ **ਸਬੂਤ** ਕਿਵੇਂ ਪੇਸ਼ ਕਰਨੇ ਹਨ। ਉਹ ਜਾਣਦੇ ਹਨ ਕਿ ਕੇਸ ਲਈ ਸਹੀ **ਕਾਨੂੰਨ** ਕਿਵੇਂ ਲੱਭਣਾ ਹੈ। ਉਹ ਜਾਣਦੇ ਹਨ ਕਿ ਕੇਸ ਲਈ ਬਹਿਸ ਕਿਵੇਂ ਕਰਨੀ ਹੈ। ਵਕੀਲ ਇਹ ਵੀ ਜਾਣਦੇ ਹਨ ਕਿ ਜਦੋਂ ਉਹ ਆਪਣੇ ਗਾਹਕਾਂ ਨੂੰ ਸਲਾਹ ਦਿੰਦੇ ਹਨ, ਤਾਂ ਉਨ੍ਹਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ।

2.5. ਜੇ ਤੁਸੀਂ ਕਿਸੇ ਵਕੀਲ ਵਾਸਤੇ ਭੁਗਤਾਨ ਨਹੀਂ ਕਰ ਸਕਦੇ ਤਾਂ ਕੁਝ ਤਰੀਕੇ ਹਨ, ਜਿਨ੍ਹਾਂ ਰਾਹੀਂ ਤੁਸੀਂ **ਕਾਨੂੰਨੀ ਸਲਾਹ** ਪ੍ਰਾਪਤ ਕਰ ਸਕਦੇ ਹੋ:

(a) ਕੁਝ ਵਕੀਲ ਪਹਿਲੇ ਸੈਸ਼ਨ ਦੀ ਮੁਫ਼ਤ ਪੇਸ਼ਕਸ਼ ਕਰਦੇ ਹਨ;

(b) ਕੁਝ ਵਕੀਲ ਤੁਹਾਡੇ ਕੇਸ ਨੂੰ 'ਨੋ-ਵਿਨ-ਨੋ-ਫ਼ੀਸ' ਦੇ ਅਧਾਰ 'ਤੇ ਲੈ ਲੈਣਗੇ (ਉਹ ਸਿਰਫ ਫ਼ੀਸਾਂ ਤਾਂ ਹੀ ਲੈਂਦੇ ਹਨ, ਜੇ ਤੁਸੀਂ ਜਿੱਤਦੇ ਹੋ); ਜਾਂ

(c) ਭਾਈਚਾਰਕ ਕਾਨੂੰਨੀ ਕੇਂਦਰ ਮੁਫ਼ਤ, ਜਾਂ ਘੱਟ ਖ਼ਰਚੇ 'ਤੇ **ਕਾਨੂੰਨੀ ਸਲਾਹ** ਦੇ ਸਕਦੇ ਹਨ।

2.6. ਤੁਸੀਂ ਅਦਾਲਤ ਦੀ ਵੈੱਬਸਾਈਟ 'ਤੇ ਉਨ੍ਹਾਂ ਲੋਕਾਂ ਅਤੇ ਸੰਸਥਾਵਾਂ ਦੀ ਸੂਚੀ ਲੱਭ ਸਕਦੇ ਹੋ, ਜੋ ਮੁਫ਼ਤ ਵਿੱਚ ਜਾਂ ਘੱਟ ਖ਼ਰਚੇ 'ਤੇ ਤੁਹਾਡੀ ਮਦਦ ਕਰ ਸਕਦੀਆਂ ਹਨ। ਇਹ ਲੋਕ ਅਤੇ ਸੰਸਥਾਵਾਂ ਅਦਾਲਤ ਦਾ ਹਿੱਸਾ ਨਹੀਂ ਹਨ।

2.7. ਅਦਾਲਤ ਕਾਨੂੰਨੀ ਮਦਦ ਲੈਣ ਵਾਸਤੇ ਕਿਸੇ **ਧਿਰ** ਨੂੰ ਕਿਸੇ ਕੋਲ ਭੇਜ ਸਕਦੀ ਹੈ। ਨਿਯਮਾਂ ਦਾ 4.12 ਨਿਯਮ ਅਦਾਲਤ ਨੂੰ ਇਹ ਸ਼ਕਤੀ ਦਿੰਦਾ ਹੈ। ਅਦਾਲਤ ਨੂੰ ਕਾਨੂੰਨੀ ਮਦਦ ਲੈਣ ਵਾਸਤੇ ਤੁਹਾਨੂੰ ਕਿਸੇ ਕੋਲ ਭੇਜਣ ਦੀ ਲੋੜ ਨਹੀਂ ਹੈ। ਅਦਾਲਤ ਇਹ ਫ਼ੈਸਲਾ ਕਰੇਗੀ ਕਿ ਕੀ ਹਰੇਕ ਕੇਸ ਵਿੱਚ ਕਿਸੇ **ਧਿਰ** ਨੂੰ ਕਿਸੇ ਕੋਲ ਕਾਨੂੰਨੀ ਮਦਦ ਲੈਣ ਲਈ ਭੇਜਣਾ ਹੈ ਜਾਂ ਨਹੀਂ।

2.8. ਇਸ ਬਾਰੇ ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਲਈ ਜਨਰੇਟਿਵ ਆਰਟੀਫਿਸ਼ੀਅਲ ਇੰਟੈਲੀਜੈਂਸ **(AI)** ਪ੍ਰੋਗਰਾਮਾਂ (ਜਿਵੇਂ ਕਿ ਚੈਟ GPT, ਕਲਾਊਡ, ਮਾਈਕ੍ਰੋਸੌਫ਼ਟ ਕੋ-ਪਾਇਲਟ ਜਾਂ ਗੂਗਲ ਜੈਮਿਨੀ) ਦੀ ਵਰਤੋਂ ਨਾ ਕਰੋ ਕਿ ਕੀ ਤੁਹਾਡਾ ਕੇਸ ਜਿੱਤਿਆ ਜਾ ਸਕਦਾ ਹੈ ਜਾਂ ਨਹੀਂ। ਕਿਸੇ ਕੇਸ ਨੂੰ ਸ਼ੁਰੂ ਕਰਨ ਜਾਂ

ਉਸ ਦਾ ਬਚਾਅ ਕਰਨ ਬਾਰੇ ਕਾਨੂੰਨੀ ਸਲਾਹ ਲਈ ਇਹ ਪ੍ਰੋਗਰਾਮ ਭਰੋਸੇਯੋਗ ਨਹੀਂ ਹਨ। ਉਨ੍ਹਾਂ ਨੂੰ ਵਕੀਲਾਂ ਵਾਂਗ ਸਿਖਲਾਈ ਨਹੀਂ ਦਿੱਤੀ ਜਾਂਦੀ ਹੈ। ਉਹ ਤੁਹਾਨੂੰ ਅਜਿਹੇ ਜਵਾਬ ਦੇ ਸਕਦੇ ਹਨ, ਜੋ ਅਮਰੀਕੀ ਕਾਨੂੰਨ 'ਤੇ ਆਧਾਰਿਤ ਹਨ। ਅਮਰੀਕੀ ਕਾਨੂੰਨ ਆਸਟ੍ਰੇਲੀਆ ਦੇ ਕਾਨੂੰਨ ਤੋਂ ਵੱਖਰਾ ਹੈ। **AI** ਪ੍ਰੋਗਰਾਮ ਕਾਨੂੰਨੀ ਸਵਾਲਾਂ ਦੇ ਗ਼ਲਤ ਜਵਾਬ ਦੇ ਸਕਦੇ ਹਨ।

2.9. ਕਿਸੇ ਵੀ ਕਿਸਮ ਦੀ ਕਾਨੂੰਨੀ ਮਦਦ ਲਈ **ਸੋਸ਼ਲ ਮੀਡੀਆ** ਜਾਂ '**ਸੂਡੋ ਲਾਅ** ਸਾਈਟਾਂ' ਦੀ ਵਰਤੋਂ ਨਾ ਕਰੋ। ਉਹ ਸਾਈਟਾਂ ਇਹ ਦੱਸ ਸਕਦੀਆਂ ਹਨ ਕਿ ਤੁਸੀਂ ਕਾਨੂੰਨੀ ਮੁਸੀਬਤ ਤੋਂ ਬਾਹਰ ਨਿਕਲ ਸਕਦੇ ਹੋ, ਜਾਂ ਆਪਣਾ ਕੇਸ ਜਿੱਤ ਸਕਦੇ ਹੋ। ਉਹ ਇੰਞ ਜਾਪਦੀਆਂ ਹਨ ਕਿ ਉਹ ਕਾਨੂੰਨੀ ਮਦਦ ਕਰ ਰਹੀਆਂ ਹਨ, ਪਰ ਉਹ ਕਾਨੂੰਨੀ ਮਦਦ ਨਹੀਂ ਕਰ ਰਹੀਆਂ ਹੁੰਦੀਆਂ ਹਨ। ਉਹ ਬਹੁਤ ਸਾਰੇ ਝੂਠੇ ਜਵਾਬ ਦਿੰਦੀਆਂ ਹਨ, ਜੋ ਅਦਾਲਤ ਸਵੀਕਾਰ ਨਹੀਂ ਕਰੇਗੀ ਕਿਉਂਕਿ ਉਹ ਅਸਲ **ਕਾਨੂੰਨ** 'ਤੇ ਆਧਾਰਿਤ ਨਹੀਂ ਹਨ। ਜੇ ਤੁਸੀਂ ਅਦਾਲਤ ਵਿੱਚ ਕਾਨੂੰਨੀ ਦਲੀਲਾਂ ਦਿੰਦੇ ਹੋ, ਜੋ ਅਸਲ **ਕਾਨੂੰਨ** 'ਤੇ ਆਧਾਰਿਤ ਨਹੀਂ ਹਨ, ਤਾਂ ਤੁਸੀਂ ਗੰਭੀਰ ਮੁਸੀਬਤ ਵਿੱਚ ਫਸ ਸਕਦੇ ਹੋ।

2.10. ਜੇ ਤੁਸੀਂ ਅਸਲ **ਕਾਨੂੰਨ** ਅਤੇ **ਸਬੂਤਾਂ** ਦੇ ਅਧਾਰ ਤੇ ਕੋਈ ਕੇਸ ਸ਼ੁਰੂ ਕਰਦੇ ਹੋ, ਜਾਂ ਬਚਾਅ ਕਰਦੇ ਹੋ, ਤਾਂ ਤੁਸੀਂ ਅਦਾਲਤ ਨੂੰ ਆਪਣੇ ਕੇਸ ਨੂੰ ਸਮਝਾਉਣ ਵਿੱਚ ਸਹਾਇਤਾ ਲਈ **AI** ਪ੍ਰੋਗਰਾਮਾਂ ਦੀ ਵਰਤੋਂ ਕਰ ਸਕਦੇ ਹੋ। ਜੇ ਤੁਸੀਂ ਆਪਣੇ ਕੇਸ ਨੂੰ ਸਮਝਾਉਣ ਵਿੱਚ ਮਦਦ ਕਰਨ ਲਈ **AI** ਪ੍ਰੋਗਰਾਮਾਂ ਦੀ ਵਰਤੋਂ ਕਰਦੇ ਹੋ, ਤਾਂ ਤੁਹਾਨੂੰ ਅਦਾਲਤ ਨੂੰ ਇਹ ਦੱਸਣਾ ਪਏਗਾ ਕਿ ਜੇ ਅਦਾਲਤ ਤੁਹਾਨੂੰ ਇਸ ਬਾਰੇ ਪੁੱਛਦੀ ਹੈ ਕਿ ਤੁਸੀਂ ਕੀ ਕੀਤਾ ਹੈ। ਤੁਹਾਨੂੰ **AI** ਪ੍ਰੋਗਰਾਮਾਂ ਤੋਂ ਪ੍ਰਾਪਤ ਹੋਣ ਵਾਲੀ ਹਰ ਜਾਣਕਾਰੀ ਦੀ ਜਾਂਚ ਕਰਨੀ ਚਾਹੀਦੀ ਹੈ। ਤੁਹਾਨੂੰ ਲਾਜ਼ਮੀ ਤੌਰ 'ਤੇ ਜਾਂਚ ਕਰਨੀ ਚਾਹੀਦੀ ਹੈ ਕਿ ਸਾਰੇ ਤੱਥ ਸਹੀ ਅਤੇ ਪੂਰੇ ਹਨ। ਤੁਹਾਨੂੰ ਇਹ ਵੀ ਜਾਂਚ ਕਰਨੀ ਚਾਹੀਦੀ ਹੈ ਕਿ **ਕਾਨੂੰਨ** ਸਹੀ ਹੈ। ਕਿਸੇ ਵਕੀਲ ਨੂੰ ਪੁੱਛਣਾ ਆਮ ਤੌਰ 'ਤੇ ਜਾਂਚ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੁੰਦਾ ਹੈ। ਜੇ ਤੁਸੀਂ ਕਿਸੇ ਵਕੀਲ ਕੋਲੋਂ ਮਦਦ ਪ੍ਰਾਪਤ ਨਹੀਂ ਕਰ ਸਕਦੇ, ਤਾਂ ਤੁਸੀਂ **ਕਾਨੂੰਨ** ਦੀ ਜਾਂਚ ਕਰਨ ਲਈ ਇੱਕ **ਕਾਨੂੰਨੀ ਖੋਜ ਡੈਟਾਬੇਸ** ਦੀ ਵਰਤੋਂ ਕਰ ਸਕਦੇ ਹੋ। ਤੁਸੀਂ ਅਟੈਚਮੈਂਟ D ਵਿੱਚ ਮੁਫ਼ਤ **ਕਾਨੂੰਨੀ ਖੋਜ ਡੈਟਾਬੇਸਾਂ** ਦੀ ਇੱਕ ਸੂਚੀ ਵੇਖੋਗੇ। ਜੇ ਤੁਸੀਂ ਅਦਾਲਤ ਨੂੰ ਤੱਥਾਂ ਜਾਂ **ਕਾਨੂੰਨ** ਬਾਰੇ ਗ਼ਲਤ ਜਾਣਕਾਰੀ ਦਿੰਦੇ ਹੋ ਤਾਂ ਤੁਸੀਂ ਗੰਭੀਰ ਮੁਸੀਬਤ ਵਿੱਚ ਫਸ ਸਕਦੇ ਹੋ।

2.11. ਅਦਾਲਤ ਜਲਦੀ ਹੀ ਇਸ ਬਾਰੇ ਹੋਰ ਜਾਣਕਾਰੀ ਪ੍ਰਕਾਸ਼ਿਤ ਕਰੇਗੀ, ਕਿ ਤੁਸੀਂ ਆਪਣੇ ਕੇਸ ਵਿੱਚ **AI** ਪ੍ਰੋਗਰਾਮਾਂ ਨਾਲ ਕੀ ਕਰ ਸਕਦੇ ਹੋ ਅਤੇ ਕੀ ਨਹੀਂ ਕਰ ਸਕਦੇ।

# 3. ਹੋਰ ਮਦਦ ਪ੍ਰਾਪਤ ਕਰਨਾ

3.1. ਜੇ ਤੁਹਾਡੀ ਅੰਗਰੇਜ਼ੀ ਚੰਗੀ ਨਹੀਂ ਹੈ, ਅਤੇ ਤੁਹਾਨੂੰ **ਦੁਭਾਸ਼ੀਏ** ਦੀ ਲੋੜ ਹੈ, ਤਾਂ ਤੁਹਾਨੂੰ ਜਿੰਨੀ ਜਲਦੀ ਹੋ

ਸਕੇ ਅਦਾਲਤ ਨੂੰ ਦੱਸਣਾ ਚਾਹੀਦਾ ਹੈ। ਇਹ ਯਕੀਨੀ ਬਣਾਓ ਕਿ ਤੁਸੀਂ ਅਦਾਲਤ ਨੂੰ ਦੱਸਦੇ ਹੋ, ਕਿ ਤੁਸੀਂ ਕਿਹੜੀ ਭਾਸ਼ਾ ਬੋਲਦੇ ਹੋ।

3.2. ਜੇ ਤੁਹਾਨੂੰ **ਦੁਭਾਸ਼ੀਏ** ਰਾਹੀਂ **ਰਜਿਸਟਰੀ** ਨਾਲ ਗੱਲ ਕਰਨ ਦੀ ਲੋੜ ਹੈ, ਤਾਂ ਤੁਹਾਨੂੰ ਟੈਲੀਫ਼ੋਨ **ਦੁਭਾਸ਼ੀਏ** ਵਾਸਤੇ 131 450 'ਤੇ ਫ਼ੋਨ ਕਰਨਾ ਚਾਹੀਦਾ ਹੈ।

3.3. ਜੇ ਤੁਸੀਂ **ਦੁਭਾਸ਼ੀਏ** ਵਾਸਤੇ ਭੁਗਤਾਨ ਕਰ ਸਕਦੇ ਹੋ, ਤਾਂ ਤੁਹਾਨੂੰ ਖੁਦ **ਦੁਭਾਸ਼ੀਆ** ਲੱਭਣਾ ਚਾਹੀਦਾ ਹੈ। www.naati.com.au 'ਤੇ NAATI ਆਪਣੀ ਔਨਲਾਈਨ ਡਾਇਰੈਕਟਰੀ ਰਾਹੀਂ **ਦੁਭਾਸ਼ੀਏ** ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ, ਜਾਂ ਤੁਸੀਂ NAATI ਨੂੰ 1300 557 470 'ਤੇ ਫ਼ੋਨ ਕਰ ਸਕਦੇ ਹੋ।

3.4. ਜੇ ਤੁਹਾਨੂੰ **ਦੁਭਾਸ਼ੀਏ** ਦੀ ਲੋੜ ਹੈ ਪਰ ਤੁਸੀਂ ਇਸ ਵਾਸਤੇ ਭੁਗਤਾਨ ਨਹੀਂ ਕਰ ਸਕਦੇ, ਤਾਂ ਅਦਾਲਤ ਤੁਹਾਡੀ ਮਦਦ ਕਰ ਸਕਦੀ ਹੈ। ਅਦਾਲਤ ਵਿੱਚ ਤੁਹਾਡੀ ਪਹਿਲੀ **ਸੁਣਵਾਈ** ਤੋਂ ਘੱਟੋ-ਘੱਟ ਇੱਕ ਹਫ਼ਤਾ ਪਹਿਲਾਂ ਤੁਹਾਨੂੰ **ਰਜਿਸਟਰੀ** ਨਾਲ ਸੰਪਰਕ ਕਰਨ ਦੀ ਲੋੜ ਹੈ। ਇਹ ਯਕੀਨੀ ਬਣਾਓ ਕਿ ਤੁਸੀਂ ਅਦਾਲਤ ਨੂੰ ਦੱਸਦੇ ਹੋ, ਕਿ ਤੁਸੀਂ ਕਿਹੜੀ ਭਾਸ਼ਾ ਬੋਲਦੇ ਹੋ।

3.5. ਦੁਭਾਸ਼ੀਏ ਵਕੀਲ ਨਹੀਂ ਹੁੰਦੇ ਹਨ। ਉਹ ਤੁਹਾਨੂੰ ਕਾਨੂੰਨੀ ਸਲਾਹ ਨਹੀਂ ਦੇ ਸਕਦੇ ਹਨ।

3.6. ਅਦਾਲਤ ਕੋਲ ਇੱਕ ਪ੍ਰੈਕਟਿਸ ਨੋਟ ਹੈ, ਜਿਸ ਨੂੰ ਦੁਭਾਸ਼ੀਏ ਨਾਲ ਕੰਮ ਕਰਨ ਵਾਲਾ ਪ੍ਰੈਕਟਿਸ ਨੋਟ (GPN-INTERP) ਕਹਿੰਦੇ ਹਨ। ਤੁਸੀਂ **ਦੁਭਾਸ਼ੀਏ** ਬਾਰੇ ਵਧੇਰੇ ਜਾਣਕਾਰੀ ਅਦਾਲਤ ਦੀ ਵੈੱਬਸਾਈਟ 'ਤੇ ਦੇਖ ਸਕਦੇ ਹੋ।

3.7. ਕੁਝ ਅਦਾਲਤੀ ਇਮਾਰਤਾਂ ਵਿੱਚ ਮੁਫ਼ਤ ਕੰਪਿਊਟਰ ਅਤੇ ਪ੍ਰਿੰਟ ਕਰਨ (ਕਾਗਜ਼ ਛਾਪਣ) ਵਾਲੀਆਂ ਸੇਵਾਵਾਂ ਹੁੰਦੀਆਂ ਹਨ, ਜਿੰਨ੍ਹਾਂ ਦੀ ਵਰਤੋਂ ਤੁਸੀਂ ਕਾਨੂੰਨੀ ਖੋਜ ਜਾਂ **ਦਸਤਾਵੇਜ਼** ਤਿਆਰ ਕਰਨ ਵਾਸਤੇ ਕਰ ਸਕਦੇ ਹੋ। ਹੋ ਸਕਦਾ ਹੈ ਤੁਸੀਂ ਕਿਸੇ ਲਾਇਬ੍ਰੇਰੀ ਜਾਂ ਕਾਨੂੰਨੀ ਖੋਜ ਡੈਟਾਬੇਸ ਦੀ ਵਰਤੋਂ ਕਰਨ ਦੇ ਯੋਗ ਵੀ ਹੋਵੋ। ਤੁਸੀਂ **ਰਜਿਸਟਰੀ** ਨੂੰ ਆਪਣੀ ਜਗ੍ਹਾ ਵਿੱਚ ਇਨ੍ਹਾਂ ਸੇਵਾਵਾਂ ਬਾਰੇ ਪੁੱਛ ਸਕਦੇ ਹੋ।

3.8. ਜੇ ਤੁਹਾਨੂੰ ਕਿਸੇ ਵੀ ਕਾਰਨ ਕਰਕੇ ਅਦਾਲਤ ਤੱਕ ਪਹੁੰਚ ਕਰਨ ਵਿੱਚ ਜਾਂ ਅਦਾਲਤ ਵਿੱਚ ਆਪਣੇ ਕੇਸ ਬਾਰੇ ਬੋਲਣ ਵਿੱਚ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ ਤੁਹਾਡੀ ਪਹਿਲੀ ਅਦਾਲਤੀ **ਸੁਣਵਾਈ** ਤੋਂ ਘੱਟੋ ਘੱਟ ਇੱਕ ਹਫ਼ਤਾ ਪਹਿਲਾਂ ਅਦਾਲਤ ਦੀ **ਰਜਿਸਟਰੀ** ਨਾਲ ਸੰਪਰਕ ਕਰੋ। ਅਦਾਲਤ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰੇਗੀ। **ਵਾਜਬ ਤਬਦੀਲੀਆਂ** ਕੀਤੀਆਂ ਜਾਣਗੀਆਂ, ਪਰ ਇਸ ਬਾਰੇ ਸੀਮਾਵਾਂ ਹਨ ਕਿ ਅਦਾਲਤੀ ਕੇਸ ਦੀ ਕਿਸਮ ਦੇ ਕਾਰਨ ਕੀ ਕੀਤਾ ਜਾ ਸਕਦਾ ਹੈ। ਅਦਾਲਤ ਲਈ ਇਹ ਯਕੀਨੀ ਬਣਾਉਣਾ ਲਾਜ਼ਮੀ ਹੁੰਦਾ ਹੈ ਕਿ ਕਾਰਵਾਈ ਸਾਰੀਆਂ ਧਿਰਾਂ ਲਈ ਨਿਰਪੱਖ ਹੋਵੇ, ਅਤੇ ਕੇਸ ਦੀ ਕਾਰਵਾਈ ਕਰਨ ਦੇ ਤਰੀਕੇ ਵਿੱਚ ਕੋਈ ਤਬਦੀਲੀ ਕੀਤੀ ਜਾ ਸਕਦੀ ਹੈ ਜਾਂ ਨਹੀਂ, ਇਸ ਬਾਰੇ ਫ਼ੈਸਲਾ

ਕਰਦੇ ਸਮੇਂ ਹੋਰ ਧਿਰਾਂ ਉੱਤੇ ਪੈਣ ਵਾਲੇ ਖ਼ਰਚਿਆਂ ਨੂੰ ਵੀ ਧਿਆਨ ਵਿੱਚ ਰੱਖਣਾ ਹੁੰਦਾ ਹੈ। ਇਹ ਹਰ ਉਸ ਵਿਅਕਤੀ ਦੀ ਮਦਦ ਨਹੀਂ ਕਰ ਸਕਦੀ, ਜਿਸ ਨੂੰ ਅਦਾਲਤ ਵਿੱਚ ਆਉਣਾ ਮੁਸ਼ਕਿਲ ਲੱਗਦਾ ਹੈ। ਕੀ ਅਦਾਲਤ ਤੁਹਾਡੀ ਮਦਦ ਕਰ ਸਕਦੀ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਹਾਨੂੰ ਇਹ ਮੁਸ਼ਕਿਲ ਕਿਉਂ ਲੱਗਦਾ ਹੈ।

3.9. ਜੇ ਤੁਹਾਨੂੰ ਕਿਸੇ ਵੀ ਕਾਰਨ ਕਰਕੇ ਅਦਾਲਤ ਦੀ **ਸੁਣਵਾਈ** ਮੁਲਤਵੀ ਕਰਨ ਦੀ ਲੋੜ ਹੈ, ਤਾਂ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਅਦਾਲਤ ਦੀ ਰਜਿਸਟਰੀ ਨਾਲ ਸੰਪਰਕ ਕਰਨਾ ਚਾਹੀਦਾ ਹੈ। **ਸੁਣਵਾਈ ਮੁਲਤਵੀ** ਕਰਵਾਉਣ ਲਈ ਤੁਹਾਡੇ ਕੋਲ ਇੱਕ ਚੰਗਾ ਕਾਰਨ ਹੋਣਾ ਚਾਹੀਦਾ ਹੈ। ਤੁਹਾਨੂੰ ਇਸ ਬਾਰੇ ਅਦਾਲਤ ਨੂੰ ਸਬੂਤ ਪ੍ਰਦਾਨ ਕਰਵਾਉਣ ਲਈ ਕਿਹਾ ਜਾ ਸਕਦਾ ਹੈ ਕਿ ਤੁਹਾਨੂੰ ਸੁਣਵਾਈ ਮੁਲਤਵੀ ਕਰਨ ਦੀ ਲੋੜ ਕਿਉਂ ਹੈ। ਤੁਹਾਨੂੰ ਇਹ ਦੇਖਣ ਲਈ ਅਦਾਲਤ ਦੀ **ਰਜਿਸਟਰੀ** ਕੋਲੋਂ ਪਤਾ ਕਰਨਾ ਚਾਹੀਦਾ ਹੈ, ਕਿ ਤੁਹਾਨੂੰ ਕੀ ਕਰਨ ਦੀ ਲੋੜ ਹੈ।

# 4. ਜੇ ਤੁਸੀਂ ਕੋਈ ਕੇਸ ਅਦਾਲਤ ਵਿੱਚ ਲਿਆਉਂਦੇ ਹੋ, ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ

4.1. ਤੁਹਾਨੂੰ ਲਾਜ਼ਮੀ ਤੌਰ 'ਤੇ ਇਸ ਸੈਕਸ਼ਨ ਵਿਚਲੀਆਂ ਸਾਰੀਆਂ ਚੀਜ਼ਾਂ ਕਰਨੀਆਂ ਚਾਹੀਦੀਆਂ ਹਨ, ਜੇ ਤੁਸੀਂ ਉਹ ਵਿਅਕਤੀ ਹੋ, ਜੋ ਕੇਸ ਨੂੰ ਅਦਾਲਤ ਵਿੱਚ ਲਿਆਉਂਦਾ ਹੈ (ਯਾਨੀ, ਜੇ ਤੁਹਾਨੂੰ **ਬਿਨੈਕਾਰ**, **ਮੁਦਈ** ਜਾਂ **ਅਪੀਲ ਕਰਤਾ** ਕਿਹਾ ਜਾਂਦਾ ਹੈ)

4.2. ਤੁਹਾਨੂੰ ਲਾਜ਼ਮੀ ਤੌਰ 'ਤੇ ਕੋਈ **ਦਾਅਵਾ** ਜਾਂ **ਅਪੀਲ** ਕੇਵਲ ਤਾਂ ਹੀ ਪਾਉਣੀ ਚਾਹੀਦੀ ਹੈ, ਜੇਕਰ ਤੁਸੀਂ ਤੱਥਾਂ ਅਤੇ **ਕਾਨੂੰਨ** ਨਾਲ ਇਸ ਦਾ ਸਮਰਥਨ ਕਰ ਸਕਦੇ ਹੋ। ਤੁਹਾਡੇ **ਦਾਅਵੇ** ਅਤੇ **ਕਾਨੂੰਨ** ਦੇ ਤੱਥਾਂ ਨੂੰ ਸਾਬਤ ਕਰਨ ਲਈ ਤੁਹਾਡੇ ਕੋਲ ਲਾਜ਼ਮੀ ਤੌਰ 'ਤੇ **ਸਬੂਤ** ਹੋਣਾ ਚਾਹੀਦਾ ਹੈ, ਜੋ ਤੁਹਾਡੇ **ਦਾਅਵੇ** ਜਾਂ **ਅਪੀਲ** ਦਾ ਸਮਰਥਨ ਕਰਦਾ ਹੈ। ਜੇ ਤੁਸੀਂ ਕੋਈ ਅਜਿਹਾ **ਦਾਅਵਾ** ਜਾਂ **ਅਪੀ**ਲ ਪਾਉਂਦੇ ਹੋ ਜੋ ਤੱਥਾਂ ਅਤੇ **ਕਾਨੂੰਨ** ਨਾਲ ਸਮਰਥਿਤ ਨਹੀਂ ਹੈ, ਤਾਂ ਤੁਹਾਡੇ ਕੇਸ ਨੂੰ ਅੱਗੇ ਵਧਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

4.3. ਤੁਹਾਨੂੰ ਲਾਜ਼ਮੀ ਤੌਰ 'ਤੇ ਅਦਾਲਤ ਦੀ ਵਰਤੋਂ ਕੇਵਲ ਕਾਨੂੰਨੀ ਵਿਵਾਦਾਂ ਨੂੰ ਹੱਲ ਕਰਨ ਲਈ ਕਰਨੀ ਚਾਹੀਦੀ ਹੈ। ਅਦਾਲਤ ਕਿਸੇ ਹਾਲਾਤ ਨੂੰ ਵਾਪਸ ਲਿਆਉਣ ਜਾਂ ਉਸ ਚੀਜ਼ ਤੋਂ ਬਾਹਰ ਨਿਕਲਣ ਵਾਲੀ ਜਗ੍ਹਾ ਨਹੀਂ ਹੈ, ਜੇ ਤੁਸੀਂ ਕਿਸੇ ਦਾ ਦੇਣਦਾਰ ਹੋ। ਅਦਾਲਤ ਕੇਵਲ ਉਨ੍ਹਾਂ **ਸਬੂਤਾਂ** ਦੇ ਆਧਾਰ 'ਤੇ ਕਾਨੂੰਨੀ ਫ਼ੈਸਲੇ ਲੈ ਸਕਦੀ ਹੈ, ਜੋ ਅਦਾਲਤ ਨੂੰ ਪ੍ਰਦਾਨ ਕੀਤੇ ਜਾਂਦੇ ਹਨ। ਬਿਨਾਂ ਕਿਸੇ ਉਚਿਤ **ਦਾਅਵੇ** ਜਾਂ **ਅਪੀ**ਲ ਦੇ ਅਦਾਲਤ ਵਿੱਚ ਆਉਣਾ ਅਦਾਲਤ ਦੀ ਕਾਰਵਾਈ ਦੀ ਦੁਰਵਰਤੋਂ ਹੈ।

4.4. ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ **ਦਾਅਵੇ** ਜਾਂ **ਅਪੀਲ** ਨੂੰ ਅਦਾਲਤ ਨੂੰ ਸਮਝਾਉਣ ਦੇ ਯੋਗ ਹੋਣਾ

ਚਾਹੀਦਾ ਹੈ। ਤੁਹਾਨੂੰ ਸਪੱਸ਼ਟ ਤੌਰ 'ਤੇ ਸਮਝਾਉਣ ਦੇ ਯੋਗ ਹੋਣਾ ਚਾਹੀਦਾ ਹੈ। ਤੁਹਾਨੂੰ ਆਪਣੇ ਆਪ ਨੂੰ ਦੁਹਰਾਉਣਾ ਨਹੀਂ ਚਾਹੀਦਾ ਹੈ।

4.5. ਤੁਹਾਨੂੰ ਲਾਜ਼ਮੀ ਤੌਰ 'ਤੇ ਅਦਾਲਤ ਨੂੰ ਦੱਸਣਾ ਚਾਹੀਦਾ ਹੈ, ਕਿ ਤੁਸੀਂ ਅਦਾਲਤ ਤੋਂ ਕਿਹੜੇ **ਹੁਕਮ** ਲੈਣਾ ਚਾਹੁੰਦੇ ਹੋ। ਤੁਸੀਂ ਅਦਾਲਤ ਤੋਂ ਕੇਵਲ ਉਹੀ **ਹੁਕਮ** ਮੰਗ ਸਕਦੇ ਹੋ, ਜੋ ਉਹ ਦੇ ਸਕਦੀ ਹੈ।

4.6. ਤੁਹਾਨੂੰ ਲਾਜ਼ਮੀ ਤੌਰ 'ਤੇ ਕੇਵਲ ਤੱਥਾਂ ਅਤੇ **ਕਾਨੂੰਨ** ਨੂੰ ਸ਼ਾਮਲ ਕਰਨਾ ਚਾਹੀਦਾ ਹੈ, ਜੋ ਵਿਵਾਦ ਨੂੰ ਖ਼ਤਮ ਕਰਨ ਵਿੱਚ ਮਦਦ ਕਰਨਗੇ। ਅਜਿਹੀਆਂ ਚੀਜ਼ਾਂ ਸ਼ਾਮਲ ਨਾ ਕਰੋ, ਜੋ ਵਿਵਾਦ ਦਾ ਹਿੱਸਾ ਨਹੀਂ ਹਨ। ਬਹੁਤ ਜ਼ਿਆਦਾ ਜਾਣਕਾਰੀ ਤੁਹਾਡੇ ਕੇਸ ਦੀ ਮਦਦ ਨਹੀਂ ਕਰੇਗੀ।

4.7. ਜਦੋਂ ਤੁਸੀਂ ਜੱਜਾਂ, **ਰਜਿਸਟਰਾਰਾਂ**, ਅਦਾਲਤੀ ਅਮਲੇ ਅਤੇ ਦੂਸਰੀਆਂ ਧਿਰਾਂ ਦੇ ਵਕੀਲਾਂ ਨਾਲ ਵਿਵਹਾਰ ਕਰਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਆਦਰ ਅਤੇ ਈਮਾਨਦਾਰੀ ਨਾਲ ਵਿਵਹਾਰ ਕਰਨਾ ਚਾਹੀਦਾ ਹੈ:

(a) ਤੁਹਾਡੇ ਸਾਰੇ ਲਿਖਤੀ ਦਸਤਾਵੇਜ਼ਾਂ, ਈਮੇਲਾਂ ਅਤੇ ਫ਼ੋਨ ਕਾਲਾਂ ਵਿੱਚ; ਅਤੇ

(b) ਜਦ ਤੁਸੀਂ ਅਦਾਲਤ ਵਿੱਚ ਜਾਂ ਕਿਸੇ ਹੋਰ ਜਗ੍ਹਾ 'ਤੇ ਲੋਕਾਂ ਨੂੰ ਮਿਲਦੇ ਹੋ।

4.8. ਤੁਹਾਨੂੰ ਚੀਕਣਾ ਨਹੀਂ ਚਾਹੀਦਾ ਹੈ, ਗਾਲ੍ਹ ਨਹੀਂ ਕੱਢਣੀ ਚਾਹੀਦੀ, ਧਮਕੀ ਨਹੀਂ ਦੇਣੀ ਚਾਹੀਦੀ ਜਾਂ ਗੱਲਬਾਤ ਵਿੱਚ ਰੁੱਖਾ ਨਹੀਂ ਹੋਣਾ ਚਾਹੀਦਾ ਹੈ।

4.9. ਤੁਹਾਨੂੰ ਲਾਜ਼ਮੀ ਤੌਰ 'ਤੇ ਅਦਾਲਤ ਨਾਲ ਕੇਵਲ ਉਦੋਂ ਸੰਪਰਕ ਕਰਨਾ ਚਾਹੀਦਾ ਹੈ, ਜਦੋਂ ਤੁਹਾਨੂੰ ਕਰਨ ਦੀ ਲੋੜ ਪਵੇ ਜਾਂ ਜਦੋਂ ਤੁਹਾਡਾ ਸੰਪਰਕ ਸਿੱਧੇ ਤੌਰ 'ਤੇ ਤੁਹਾਡੇ ਕੇਸ ਨਾਲ ਸੰਬੰਧਿਤ ਹੋਵੇ।

4.10. ਆਪਣਾ ਕੇਸ ਸ਼ੁਰੂ ਕਰਨ ਦੇ ਬਾਅਦ ਅਦਾਲਤ ਨੂੰ ਤੁਹਾਡੀਆਂ ਸਾਰੀਆਂ ਈਮੇਲਾਂ ਜਾਂ ਚਿੱਠੀਆਂ ਦੀਆਂ ਨਕਲਾਂ ਲਾਜ਼ਮੀ ਤੌਰ 'ਤੇ ਦੂਜੀਆਂ **ਧਿਰਾਂ** ਦੇ ਵਕੀਲਾਂ ਨੂੰ ਭੇਜੀਆਂ ਜਾਣੀਆਂ ਚਾਹੀਦੀਆਂ ਹਨ। ਤੁਹਾਨੂੰ ਲਾਜ਼ਮੀ ਤੌਰ 'ਤੇ ਅਦਾਲਤ ਨੂੰ ਇੱਕੋ ਜਿਹੀਆਂ ਕਈ ਈਮੇਲਾਂ ਨਹੀਂ ਭੇਜਣੀਆਂ ਚਾਹੀਦੀਆਂ, ਜਾਂ ਈਮੇਲਾਂ ਰਾਹੀਂ ਆਪਣੇ ਕੇਸ ਬਾਰੇ ਬਹਿਸ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਹੈ। ਤੁਹਾਡੇ ਕੇਸ ਨੂੰ ਪੇਸ਼ ਕਰਨ ਦਾ ਸਮਾਂ ਅਤੇ ਸਥਾਨ ਅਦਾਲਤੀ **ਸੁਣਵਾਈਆਂ** ਦੌਰਾਨ, ਜਾਂ ਉਨ੍ਹਾਂ **ਦਸਤਾਵੇਜ਼ਾਂ** ਵਿੱਚ ਹੁੰਦਾ ਹੈ, ਜੋ ਤੁਹਾਨੂੰ ਅਦਾਲਤ ਦੁਆਰਾ ਪ੍ਰਦਾਨ ਕਰਨ ਲਈ ਕਿਹਾ ਗਿਆ ਹੈ।

4.11. ਤੁਹਾਨੂੰ ਉਹੀ ਕਰਨਾ ਚਾਹੀਦਾ ਹੈ, ਜੋ ਅਦਾਲਤ ਤੁਹਾਨੂੰ ਕਰਨ ਦੇ **ਹੁਕਮ** ਦਿੰਦੀ ਹੈ। ਕਿਸੇ **ਦਸਤਾਵੇਜ਼** ਨੂੰ **ਦਾਇਰ** ਕਰਨ ਲਈ ਅਦਾਲਤ ਦੁਆਰਾ ਦਿੱਤੇ **ਹੁਕਮਾਂ** ਵਿੱਚ ਤੈਅ ਕੀਤੇ ਸਮੇਂ ਅਨੁਸਾਰ ਤੁਹਾਨੂੰ ਲਾਜ਼ਮੀ ਤੌਰ 'ਤੇ ਉਹ **ਦਸਤਾਵੇਜ਼ ਦਾਇਰ** ਕਰਨਾ ਚਾਹੀਦਾ ਹੈ। ਜੇ ਤੁਸੀਂ ਅਦਾਲਤ ਦੇ **ਹੁਕਮਾਂ** ਦੀ

ਪਾਲਣਾ ਨਹੀਂ ਕਰਦੇ, ਤਾਂ ਹੋ ਸਕਦਾ ਹੈ ਅਦਾਲਤ ਤੁਹਾਨੂੰ ਆਪਣੇ ਕੇਸ ਨੂੰ ਅੱਗੇ ਵਧਾਉਣ ਦੀ ਆਗਿਆ ਨਾ ਦੇਵੇ।

4.12. ਤੁਹਾਨੂੰ ਲਾਜ਼ਮੀ ਤੌਰ 'ਤੇ ਸਾਰੀਆਂ ਅਦਾਲਤੀ **ਸੁਣਵਾਈਆਂ** ਵਿੱਚ ਸਹੀ ਸਥਾਨ ਅਤੇ ਸਹੀ ਸਮੇਂ 'ਤੇ ਹਾਜ਼ਰ ਹੋਣਾ ਚਾਹੀਦਾ ਹੈ। ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ, ਕਿ ਤੁਸੀਂ ਇਨ੍ਹਾਂ ਚੀਜ਼ਾਂ ਨੂੰ ਜਾਣਦੇ ਹੋ। ਜੇ ਤੁਸੀਂ ਸਹੀ ਸਥਾਨ ਅਤੇ ਸਮੇਂ 'ਤੇ ਕਿਸੇ **ਸੁਣਵਾਈ** ਵਿੱਚ ਹਾਜ਼ਰ ਨਹੀਂ ਹੁੰਦੇ ਹੋ, ਤਾਂ ਹੋ ਸਕਦਾ ਹੈ ਤੁਹਾਨੂੰ ਆਪਣੇ ਕੇਸ ਨੂੰ ਜਾਰੀ ਰੱਖਣ ਦੀ ਆਗਿਆ ਨਾ ਦਿੱਤੀ ਜਾਵੇ।

4.13. ਵਿਵਾਦ ਨੂੰ ਖ਼ਤਮ ਕਰਨ ਲਈ ਤੁਹਾਨੂੰ ਲਾਜ਼ਮੀ ਤੌਰ 'ਤੇ ਦੂਜੀਆਂ **ਧਿਰਾਂ** ਨਾਲ ਰਲ ਕੇ ਕੰਮ ਕਰਨਾ ਚਾਹੀਦਾ ਹੈ। ਹੋ ਸਕਦਾ ਹੈ ਕਿ ਤੁਸੀਂ ਦੂਜੀਆਂ **ਧਿਰਾਂ** ਨੂੰ ਪਸੰਦ ਨਾ ਕਰੋ, ਅਤੇ ਹੋ ਸਕਦਾ ਹੈ ਤੁਸੀਂ ਉਨ੍ਹਾਂ 'ਤੇ ਭਰੋਸਾ ਨਾ ਕਰੋ। ਤੁਹਾਨੂੰ ਅਜੇ ਵੀ ਵਿਵਾਦ ਨੂੰ ਹੱਲ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਤੁਹਾਨੂੰ ਆਪਣੇ **ਦਾਅਵੇ** ਨੂੰ ਸਾਬਤ ਕਰਨ ਦੇ ਖ਼ਤਰਿਆਂ ਬਾਰੇ ਸੋਚਣਾ ਚਾਹੀਦਾ ਹੈ, ਜਦੋਂ ਤੁਸੀਂ ਦੂਜੀਆਂ **ਧਿਰਾਂ** ਨਾਲ ਸਹਿਮਤ ਹੋ ਕੇ ਵਿਵਾਦ ਨੂੰ ਖ਼ਤਮ ਕਰ ਸਕਦੇ ਹੋ।

4.14. ਤੁਹਾਨੂੰ ਲਾਜ਼ਮੀ ਤੌਰ 'ਤੇ ਸਾਰੀਆਂ ਅਦਾਲਤੀ ਫ਼ੀਸਾਂ ਦਾ ਭੁਗਤਾਨ ਕਰਨਾ ਚਾਹੀਦਾ ਹੈ, ਜਦ ਤੱਕ ਕਿ ਤੁਹਾਨੂੰ ਭੁਗਤਾਨ ਕਰਨ ਤੋਂ ਛੋਟ ਨਹੀਂ ਦਿੱਤੀ ਜਾਂਦੀ। ਅਦਾਲਤ ਦੀਆਂ **ਅੰਤਿਮ ਸੁਣਵਾਈਆਂ** ਲਈ ਅਤੇ ਦਸਤਾਵੇਜ਼ **ਦਾਇਰ** ਕਰਨ ਲਈ ਫ਼ੀਸਾਂ ਹਨ। ਤੁਸੀਂ ਅਦਾਲਤ ਦੀਆਂ ਫ਼ੀਸਾਂ ਬਾਰੇ ਵਧੇਰੇ ਜਾਣਕਾਰੀ ਅਦਾਲਤ ਦੀ ਵੈੱਬਸਾਈਟ 'ਤੇ ਦੇਖ ਸਕਦੇ ਹੋ।

# 5. ਜੇ ਤੁਸੀਂ ਦਾਅਵੇ ਜਾਂ ਅਪੀਲ ਦਾ ਬਚਾਅ ਕਰ ਰਹੇ ਹੋ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ

5.1. ਜੇ ਤੁਸੀਂ ਕਿਸੇ ਅਜਿਹੇ **ਦਾਅਵੇ** ਦਾ ਬਚਾਅ ਕਰ ਰਹੇ ਹੋ, ਜੋ ਕਿਸੇ ਹੋਰ ਨੇ ਤੁਹਾਡੇ ਖਿਲਾਫ਼ ਲਿਆਂਦਾ ਹੈ (ਭਾਵ, ਜੇ ਤੁਹਾਨੂੰ **ਜਵਾਬਦੇਹ** ਜਾਂ **ਬਚਾਓ ਕਰਤਾ** ਕਿਹਾ ਜਾਂਦਾ ਹੈ), ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਇਸ ਸੈਕਸ਼ਨ ਵਿਚਲੀਆਂ ਸਾਰੀਆਂ ਚੀਜ਼ਾਂ ਕਰਨੀਆਂ ਚਾਹੀਦੀਆਂ ਹਨ।

5.2. ਤੁਹਾਨੂੰ ਲਾਜ਼ਮੀ ਤੌਰ 'ਤੇ **ਦਾਅਵੇ** ਦਾ ਬਚਾਅ ਕਰਨਾ ਚਾਹੀਦਾ ਹੈ, ਜੇਕਰ ਤੁਸੀਂ ਤੱਥਾਂ ਅਤੇ **ਕਾਨੂੰਨ** ਨਾਲ ਆਪਣੇ **ਬਚਾਅ** ਦਾ ਸਮਰਥਨ ਕਰ ਸਕਦੇ ਹੋ। ਜੇ ਦੂਜੀ **ਧਿਰ** ਕੋਲ ਆਪਣੇ **ਦਾਅਵੇ** ਦਾ **ਸਬੂਤ** ਨਹੀਂ ਹੈ, ਜਾਂ ਉਨ੍ਹਾਂ ਦਾ **ਸਬੂਤ** ਕਮਜ਼ੋਰ ਹੈ, ਤਾਂ ਤੁਸੀਂ ਇਹ ਦਲੀਲ ਦੇਣ ਦੇ ਯੋਗ ਹੋ ਸਕਦੇ ਹੋ, ਕਿ ਉਨ੍ਹਾਂ ਨੂੰ ਲਾਜ਼ਮੀ ਤੌਰ 'ਤੇ ਹਾਰਨਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਨੇ ਆਪਣਾ ਕੇਸ ਸਾਬਤ ਨਹੀਂ ਕੀਤਾ ਹੈ।

5.3. ਜੇ ਤੁਸੀਂ ਇਹ ਦਲੀਲ ਦੇਣੀ ਚਾਹੁੰਦੇ ਹੋ ਕਿ ਤੱਥ ਉਸ ਤੋਂ ਵੱਖਰੇ ਹਨ, ਜੋ ਦੂਜੀ **ਧਿਰ** ਕਹਿੰਦੀ ਹੈ ਕਿ ਉਹ

ਸਹੀ ਹਨ, ਤਾਂ ਤੁਹਾਡੇ ਕੋਲ ਇਸ ਦਾ ਸਮਰਥਨ ਕਰਨ ਲਈ **ਸਬੂਤ** ਹੋਣਾ ਚਾਹੀਦਾ ਹੈ। ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਦਿਖਾਉਣ ਦੇ ਯੋਗ ਹੋਣਾ ਚਾਹੀਦਾ ਹੈ, ਕਿ **ਕਾਨੂੰਨ** ਅਨੁਸਾਰ ਦੂਜੀ ਧਿਰ ਨੂੰ ਲਾਜ਼ਮੀ ਤੌਰ 'ਤੇ ਆਪਣਾ ਦਾਅਵਾ ਜਾਂ **ਅਪੀਲ** ਹਾਰਨੀ ਚਾਹੀਦੀ ਹੈ।

5.4. ਤੁਹਾਨੂੰ ਲਾਜ਼ਮੀ ਤੌਰ 'ਤੇ ਅਦਾਲਤ ਨੂੰ ਆਪਣੇ **ਬਚਾਅ** ਨੂੰ ਸਮਝਾਉਣ ਦੇ ਯੋਗ ਹੋਣਾ ਚਾਹੀਦਾ ਹੈ। ਤੁਹਾਨੂੰ ਸਪੱਸ਼ਟ ਤੌਰ 'ਤੇ ਸਮਝਾਉਣਾ ਚਾਹੀਦਾ ਹੈ। ਤੁਹਾਨੂੰ ਆਪਣੇ ਆਪ ਨੂੰ ਦੁਹਰਾਉਣਾ ਨਹੀਂ ਚਾਹੀਦਾ ਹੈ।

5.5. ਤੁਹਾਨੂੰ ਲਾਜ਼ਮੀ ਤੌਰ 'ਤੇ ਕੇਵਲ ਤੱਥਾਂ ਅਤੇ **ਕਾਨੂੰਨ** ਨੂੰ ਸ਼ਾਮਲ ਕਰਨਾ ਚਾਹੀਦਾ ਹੈ, ਜੋ ਵਿਵਾਦ ਨੂੰ ਖ਼ਤਮ ਕਰਨ ਵਿੱਚ ਮਦਦ ਕਰਨਗੇ। ਅਜਿਹੀਆਂ ਚੀਜ਼ਾਂ ਸ਼ਾਮਲ ਨਾ ਕਰੋ, ਜੋ ਵਿਵਾਦ ਦਾ ਹਿੱਸਾ ਨਹੀਂ ਹਨ। ਬਹੁਤ ਜ਼ਿਆਦਾ ਜਾਣਕਾਰੀ ਤੁਹਾਡੇ ਕੇਸ ਦੀ ਮਦਦ ਨਹੀਂ ਕਰੇਗੀ।

5.6. ਜਦੋਂ ਤੁਸੀਂ ਜੱਜਾਂ, **ਰਜਿਸਟਰਾਰਾਂ**, ਅਦਾਲਤੀ ਅਮਲੇ ਅਤੇ ਦੂਸਰੀਆਂ ਧਿਰਾਂ ਦੇ ਵਕੀਲਾਂ ਨਾਲ ਵਿਵਹਾਰ ਕਰਦੇ ਹੋ ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਆਦਰ ਅਤੇ ਈਮਾਨਦਾਰੀ ਨਾਲ ਵਿਵਹਾਰ ਕਰਨਾ ਚਾਹੀਦਾ ਹੈ:

(a) ਤੁਹਾਡੇ ਸਾਰੇ ਲਿਖਤੀ **ਦਸਤਾਵੇਜ਼ਾਂ**, ਈਮੇਲਾਂ ਅਤੇ ਫ਼ੋਨ ਕਾਲਾਂ ਵਿੱਚ; ਅਤੇ

(b) ਜਦ ਤੁਸੀਂ ਅਦਾਲਤ ਵਿੱਚ ਜਾਂ ਕਿਸੇ ਹੋਰ ਜਗ੍ਹਾ 'ਤੇ ਲੋਕਾਂ ਨੂੰ ਮਿਲਦੇ ਹੋ।

5.7. ਤੁਹਾਨੂੰ ਚੀਕਣਾ ਨਹੀਂ ਚਾਹੀਦਾ ਹੈ, ਗਾਲ੍ਹ ਨਹੀਂ ਕੱਢਣੀ ਚਾਹੀਦੀ, ਧਮਕੀ ਨਹੀਂ ਦੇਣੀ ਚਾਹੀਦੀ ਜਾਂ ਗੱਲਬਾਤ ਵਿੱਚ ਰੁੱਖਾ ਨਹੀਂ ਹੋਣਾ ਚਾਹੀਦਾ ਹੈ।

5.8. ਤੁਹਾਨੂੰ ਲਾਜ਼ਮੀ ਤੌਰ 'ਤੇ ਅਦਾਲਤ ਨਾਲ ਕੇਵਲ ਉਦੋਂ ਸੰਪਰਕ ਕਰਨਾ ਚਾਹੀਦਾ ਹੈ, ਜਦੋਂ ਤੁਹਾਨੂੰ ਕਰਨ ਦੀ ਲੋੜ ਪਵੇ ਅਤੇ ਜਦੋਂ ਤੁਹਾਡਾ ਸੰਪਰਕ ਸਿੱਧੇ ਤੌਰ 'ਤੇ ਤੁਹਾਡੇ ਕੇਸ ਨਾਲ ਸੰਬੰਧਿਤ ਹੋਵੇ।

5.9. ਅਦਾਲਤ ਨੂੰ ਤੁਹਾਡੀਆਂ ਸਾਰੀਆਂ ਈਮੇਲਾਂ ਜਾਂ ਚਿੱਠੀਆਂ ਦੀਆਂ ਨਕਲਾਂ ਲਾਜ਼ਮੀ ਤੌਰ 'ਤੇ ਦੂਜੀਆਂ **ਧਿਰਾਂ** ਦੇ ਵਕੀਲਾਂ ਨੂੰ ਭੇਜੀਆਂ ਜਾਣੀਆਂ ਚਾਹੀਦੀਆਂ ਹਨ। ਤੁਹਾਨੂੰ ਲਾਜ਼ਮੀ ਤੌਰ 'ਤੇ ਅਦਾਲਤ ਨੂੰ ਇੱਕੋ ਜਿਹੀਆਂ ਕਈ ਈਮੇਲਾਂ ਨਹੀਂ ਭੇਜਣੀਆਂ ਚਾਹੀਦੀਆਂ, ਜਾਂ ਈਮੇਲਾਂ ਰਾਹੀਂ ਆਪਣਾ **ਬਚਾਅ** ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਹੈ। ਤੁਹਾਡੇ **ਬਚਾਅ** ਨੂੰ ਪੇਸ਼ ਕਰਨ ਦਾ ਸਮਾਂ ਅਤੇ ਸਥਾਨ ਅਦਾਲਤੀ **ਸੁਣਵਾਈਆਂ** ਦੌਰਾਨ, ਜਾਂ ਉਨ੍ਹਾਂ **ਦਸਤਾਵੇਜ਼ਾਂ** ਵਿੱਚ ਹੁੰਦਾ ਹੈ, ਜੋ ਤੁਹਾਨੂੰ ਅਦਾਲਤ ਦੁਆਰਾ ਪ੍ਰਦਾਨ ਕਰਨ ਲਈ ਕਿਹਾ ਗਿਆ ਹੈ।

5.10. ਤੁਹਾਨੂੰ ਉਹੀ ਕਰਨਾ ਚਾਹੀਦਾ ਹੈ, ਜੋ ਅਦਾਲਤ ਤੁਹਾਨੂੰ ਕਰਨ ਦੇ **ਹੁਕਮ** ਦਿੰਦੀ ਹੈ। ਕਿਸੇ **ਦਸਤਾਵੇਜ਼** ਨੂੰ **ਦਾਇਰ** ਕਰਨ ਲਈ ਅਦਾਲਤ ਦੁਆਰਾ ਦਿੱਤੇ ਹੁਕਮਾਂ ਵਿੱਚ ਤੈਅ ਕੀਤੇ ਸਮੇਂ ਅਨੁਸਾਰ ਤੁਹਾਨੂੰ

ਲਾਜ਼ਮੀ ਤੌਰ 'ਤੇ ਉਹ **ਦਸਤਾਵੇਜ਼** ਦਾਇਰ ਕਰਨਾ ਚਾਹੀਦਾ ਹੈ। ਜੇ ਤੁਸੀਂ ਅਦਾਲਤ ਦੇ ਹੁਕਮਾਂ ਦੀ ਪਾਲਣਾ ਨਹੀਂ ਕਰਦੇ, ਤਾਂ ਹੋ ਸਕਦਾ ਹੈ ਅਦਾਲਤ ਤੁਹਾਨੂੰ ਆਪਣੇ ਬਚਾਅ ਨੂੰ ਅੱਗੇ ਵਧਾਉਣ ਦੀ ਆਗਿਆ ਨਾ ਦੇਵੇ।

5.11. ਤੁਹਾਨੂੰ ਲਾਜ਼ਮੀ ਤੌਰ 'ਤੇ ਸਾਰੀਆਂ ਅਦਾਲਤੀ **ਸੁਣਵਾਈਆਂ** ਵਿੱਚ ਸਹੀ ਸਥਾਨ ਅਤੇ ਸਹੀ ਸਮੇਂ 'ਤੇ ਹਾਜ਼ਰ ਹੋਣਾ ਚਾਹੀਦਾ ਹੈ। ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ, ਕਿ ਤੁਸੀਂ ਇਨ੍ਹਾਂ ਚੀਜ਼ਾਂ ਨੂੰ ਜਾਣਦੇ ਹੋ। ਜੇ ਤੁਸੀਂ ਸਹੀ ਜਗ੍ਹਾ ਅਤੇ ਸਮੇਂ 'ਤੇ ਕਿਸੇ **ਸੁਣਵਾਈ** ਵਿੱਚ ਹਾਜ਼ਰ ਨਹੀਂ ਹੁੰਦੇ, ਤਾਂ ਅਦਾਲਤ ਤੁਹਾਡੇ ਖਿਲਾਫ਼ **ਹੁਕਮ** ਦੇ ਸਕਦੀ ਹੈ।

5.12. ਵਿਵਾਦ ਨੂੰ ਖ਼ਤਮ ਕਰਨ ਲਈ ਤੁਹਾਨੂੰ ਲਾਜ਼ਮੀ ਤੌਰ 'ਤੇ ਦੂਜੀਆਂ **ਧਿਰਾਂ** ਨਾਲ ਰਲ ਕੇ ਕੰਮ ਕਰਨਾ ਚਾਹੀਦਾ ਹੈ। ਹੋ ਸਕਦਾ ਹੈ ਕਿ ਤੁਸੀਂ ਦੂਜੀਆਂ **ਧਿਰਾਂ** ਨੂੰ ਪਸੰਦ ਨਾ ਕਰੋ, ਅਤੇ ਹੋ ਸਕਦਾ ਹੈ ਤੁਸੀਂ ਉਨ੍ਹਾਂ 'ਤੇ ਭਰੋਸਾ ਨਾ ਕਰੋ। ਤੁਹਾਨੂੰ ਅਜੇ ਵੀ ਵਿਵਾਦ ਨੂੰ ਹੱਲ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। **ਦਾਅਵੇ** ਦਾ ਬਚਾਅ ਕਰਨ ਲਈ ਅੱਗੇ ਵਧਣ ਦੇ ਖ਼ਤਰਿਆਂ ਬਾਰੇ ਸੋਚੋ, ਜਦੋਂ ਕਿ ਤੁਸੀਂ ਦੂਜੀਆਂ **ਧਿਰਾਂ** ਨਾਲ ਸਹਿਮਤ ਹੋ ਕੇ ਵਿਵਾਦ ਨੂੰ ਖ਼ਤਮ ਕਰ ਸਕਦੇ ਹੋ।

5.13. ਤੁਹਾਨੂੰ ਲਾਜ਼ਮੀ ਤੌਰ 'ਤੇ ਸਾਰੀਆਂ ਅਦਾਲਤੀ ਫ਼ੀਸਾਂ ਦਾ ਭੁਗਤਾਨ ਕਰਨਾ ਚਾਹੀਦਾ ਹੈ, ਜਦ ਤੱਕ ਕਿ ਤੁਹਾਨੂੰ ਭੁਗਤਾਨ ਕਰਨ ਤੋਂ ਛੋਟ ਨਹੀਂ ਦਿੱਤੀ ਜਾਂਦੀ ਹੈ। **ਦਾਅਵਾ** ਜਾਂ **ਅਪੀਲ** ਪਾਉਣ ਵਾਲਾ ਵਿਅਕਤੀ ਜ਼ਿਆਦਾਤਰ ਅਦਾਲਤੀ ਫ਼ੀਸਾਂ ਦਾ ਭੁਗਤਾਨ ਕਰੇਗਾ। ਅਜੇ ਵੀ ਕੁਝ ਫ਼ੀਸਾਂ ਹੋ ਸਕਦੀਆਂ ਹਨ, ਜੋ ਤੁਹਾਨੂੰ ਅਦਾ ਕਰਨੀਆਂ ਪੈਣਗੀਆਂ। ਤੁਸੀਂ ਕਿਸੇ ਨੂੰ ਗਵਾਹ ਵਜੋਂ **ਅੰਤਿਮ ਸੁਣਵਾਈ** ਸਮੇਂ ਪੇਸ਼ ਕਰਨ ਲਈ, ਜਾਂ ਕਿਸੇ ਨੂੰ ਅਦਾਲਤ ਵਿੱਚ **ਦਸਤਾਵੇਜ਼** ਪੇਸ਼ ਕਰਨ ਲਈ **ਸੁਪੀਨਾ (ਕਾਨੂੰਨੀ ਹਾਜ਼ਰੀ)** ਦੀ ਮੰਗ ਕਰ ਸਕਦੇ ਹੋ। ਤੁਸੀਂ ਦੂਜੀ ਧਿਰ ਦੇ ਖਿਲਾਫ਼ ਇੱਕ **ਆਪਸੀ ਗੱਲਬਾਤ ਕਰਨ ਵਾਲੀ ਅਰਜ਼ੀ** ਪਾਉਣ ਦੀ ਇੱਛਾ ਕਰ ਸਕਦੇ ਹੋ। ਇਸ ਤਰ੍ਹਾਂ ਦੀਆਂ ਚੀਜ਼ਾਂ ਲਈ, ਤੁਹਾਨੂੰ ਆਮ ਤੌਰ 'ਤੇ ਫ਼ੀਸ ਅਦਾ ਕਰਨੀ ਪਵੇਗੀ। ਤੁਸੀਂ ਅਦਾਲਤ ਦੀਆਂ ਫ਼ੀਸਾਂ ਬਾਰੇ ਵਧੇਰੇ ਜਾਣਕਾਰੀ ਅਦਾਲਤ ਦੀ ਵੈੱਬਸਾਈਟ 'ਤੇ ਦੇਖ ਸਕਦੇ ਹੋ।

# 6. ਅਦਾਲਤ ਕੀ ਕੰਮ ਕਰਦੀ ਹੈ

## A. ਅਦਾਲਤ

6.1. ਅਦਾਲਤ ਦਾ ਮੁੱਖ ਕੰਮ ਕੇਸਾਂ ਦਾ ਫ਼ੈਸਲਾ ਕਰਨਾ ਹੈ। ਇਸ ਨੂੰ ਹਰੇਕ ਕੇਸ ਵਿੱਚ ਤਿੰਨ ਮਹੱਤਵਪੂਰਨ ਚੀਜ਼ਾਂ ਦਾ ਫ਼ੈਸਲਾ ਕਰਨ ਦੀ ਲੋੜ ਹੁੰਦੀ ਹੈ:

(a) ਤੱਥ ਕੀ ਹਨ (ਭਾਵ, ਕੀ ਹੋਇਆ ਸੀ)?

(b) **ਕਾਨੂੰਨ** ਕੀ ਕਹਿੰਦਾ ਹੈ (ਭਾਵ, ਇਸ ਕਿਸਮ ਦੇ ਕੇਸ 'ਤੇ ਕਿਹੜਾ ਨਿਯਮ ਜਾਂ ਨਿਯਮ ਲਾਗੂ ਹੁੰਦੇ ਹਨ)?

(c) **ਕਾਨੂੰਨ** ਕੀ ਕਹਿੰਦਾ ਹੈ, ਕਿ ਅਦਾਲਤ ਨੂੰ ਕੇਸ ਦਾ ਫ਼ੈਸਲਾ ਕਿਵੇਂ ਕਰਨਾ ਚਾਹੀਦਾ ਹੈ?

6.2. ਹੋ ਸਕਦਾ ਹੈ ਅਦਾਲਤ ਤੁਹਾਡੇ ਸਾਰੇ **ਕਾਨੂੰਨੀ ਮੁੱਦਿਆਂ** ਦਾ ਫ਼ੈਸਲਾ ਕਰਨ ਦੇ ਯੋਗ ਨਾ ਹੋਵੇ। ਇਹ ਸਿਰਫ ਕੁਝ **ਕਾਨੂੰਨੀ ਮੁੱਦਿਆਂ** 'ਤੇ ਫ਼ੈਸਲਾ ਕਰ ਸਕਦੀ ਹੈ। ਜੋ ਉਸ ਦੇ ਅੰਦਰ ਆਉਂਦੇ ਹਨ, ਜਿਸ ਨੂੰ ਅਸੀਂ ਅਦਾਲਤ ਦਾ **ਅਧਿਕਾਰ ਖੇਤਰ** ਕਹਿੰਦੇ ਹਾਂ। ਤੁਸੀਂ ਅਦਾਲਤ ਦੇ **ਅਧਿਕਾਰ ਖੇਤਰ** ਬਾਰੇ ਜਾਣਕਾਰੀ ਅਦਾਲਤ ਦੀ ਵੈੱਬਸਾਈਟ 'ਤੇ ਵੇਖ ਸਕਦੇ ਹੋ।

6.3. ਅਦਾਲਤ ਜੱਜਾਂ, **ਰਜਿਸਟਰਾਰਾਂ** ਅਤੇ ਅਦਾਲਤੀ ਅਮਲੇ ਤੋਂ ਬਣੀ ਹੁੰਦੀ ਹੈ। ਜੱਜ ਅਤੇ **ਰਜਿਸਟਰਾਰ** ਸੁਤੰਤਰ ਅਤੇ ਨਿਰਪੱਖ ਹੁੰਦੇ ਹਨ। ਇਸ ਦਾ ਮਤਲਬ ਇਹ ਹੈ ਕਿ ਉਹ ਸਿਰਫ ਤੱਥਾਂ ਅਤੇ **ਕਾਨੂੰਨ** ਅਨੁਸਾਰ ਫ਼ੈਸਲਾ ਕਰਦੇ ਹਨ। ਉਹ ਸਰਕਾਰ ਜਾਂ ਦੂਸਰਿਆਂ ਦੇ ਕਿਸੇ ਦਬਾਅ ਜਾਂ ਪ੍ਰਭਾਵ ਹੇਠ ਨਹੀਂ ਹੁੰਦੇ ਹਨ।

6.4. ਅਦਾਲਤੀ ਅਮਲਾ ਵੀ ਸੁਤੰਤਰ ਅਤੇ ਨਿਰਪੱਖ ਹੈ। ਜੋ ਲੋਕ ਅਦਾਲਤ ਦੀ ਵਰਤੋਂ ਕਰਦੇ ਹਨ, ਉਹ ਉਨ੍ਹਾਂ ਦੇ ਸੰਪਰਕ ਵਿੱਚ ਆਉਂਦੇ ਹਨ, ਅਤੇ ਉਨ੍ਹਾਂ ਨੂੰ ਜਾਣਕਾਰੀ ਦਿੰਦੇ ਹਨ।

6.5. ਕੇਸਾਂ ਨੂੰ ਸੁਲਝਾਉਣ ਵਿੱਚ ਲੰਬਾ ਸਮਾਂ ਲੱਗ ਸਕਦਾ ਹੈ। ਦੇਰੀਆਂ ਅਕਸਰ ਜੱਜਾਂ, **ਰਜਿਸਟਰਾਰਾਂ** ਅਤੇ ਅਦਾਲਤੀ ਅਮਲੇ ਦੇ ਨਿਯੰਤਰਣ ਤੋਂ ਬਾਹਰ ਹੁੰਦੀਆਂ ਹਨ।

B. ਜੱਜ

6.6. ਜੱਜ ਦਾ ਮੁੱਖ ਕੰਮ ਤੱਥਾਂ ਅਤੇ **ਕਾਨੂੰਨ** 'ਤੇ ਵਿਚਾਰ ਕਰਕੇ ਤੁਹਾਡੇ ਕੇਸ ਦਾ ਫ਼ੈਸਲਾ ਕਰਨਾ ਹੈ।

6.7. ਜੱਜ, ਆਮ ਤੌਰ 'ਤੇ **ਕੇਸ ਦੇ ਪ੍ਰਬੰਧ ਦੀਆਂ ਸੁਣਵਾਈਆਂ** ਕਰਕੇ, ਤੁਹਾਡੇ ਕੇਸ ਨੂੰ ਤਿਆਰ ਕਰਨ ਦੇ ਤਰੀਕੇ ਨੂੰ ਵੀ ਕੰਟਰੋਲ ਕਰੇਗਾ। ਜੱਜ ਉਨ੍ਹਾਂ **ਸੁਣਵਾਈਆਂ** ਦੇ ਮੌਕੇ ਤੁਹਾਡੇ ਕੇਸ ਵਿੱਚ ਸਾਰੀਆਂ **ਧਿਰਾਂ** ਦੁਆਰਾ ਚੁੱਕੇ ਜਾਣ ਵਾਲੇ ਕਦਮਾਂ ਬਾਰੇ **ਹੁਕਮ** ਦੇਵੇਗਾ। ਇਨ੍ਹਾਂ **ਹੁਕਮਾਂ** ਵਿੱਚ ਅਦਾਲਤ ਵਿੱਚ ਦਸਤਾਵੇਜ਼ **ਦਾਇਰ** ਕਰਨ ਦਾ ਸਮਾਂ ਸ਼ਾਮਲ ਹੋਵੇਗਾ।

6.8. ਅਦਾਲਤ ਕੇਸਾਂ ਦਾ ਪ੍ਰਬੰਧ ਉਸ ਪ੍ਰਣਾਲੀ ਦੁਆਰਾ ਕਰਦੀ ਹੈ, ਜਿਸ ਨੂੰ ਅਸੀਂ ਡੌਕਟ ਪ੍ਰਣਾਲੀ ਕਹਿੰਦੇ ਹਾਂ। **ਅੰਤਿਮ ਸੁਣਵਾਈ** ਸਮੇਤ ਹਰੇਕ ਕੇਸ ਦਾ ਪ੍ਰਬੰਧ ਕਰਨ ਲਈ, ਕੇਸ ਇੱਕ ਜੱਜ ਨੂੰ ਦਿੱਤਾ ਜਾਂਦਾ ਹੈ। ਤੁਸੀਂ

ਉਸ ਜੱਜ ਦੀ ਚੋਣ ਨਹੀਂ ਕਰ ਸਕਦੇ, ਜੋ ਤੁਹਾਡੇ ਕੇਸ ਦਾ ਪ੍ਰਬੰਧ ਕਰੇਗਾ ਜਾਂ ਫ਼ੈਸਲਾ ਕਰੇਗਾ। ਤੁਸੀਂ ਸੈਂਟਰਲ ਪ੍ਰੈਕਟਿਸ ਨੋਟ ਵਿੱਚ ਡੌਕਟ ਪ੍ਰਣਾਲੀ, ਅਤੇ ਕੇਸਾਂ ਦੀ ਵੰਡ ਦੇ ਤਰੀਕੇ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

6.9. ਕੋਈ ਜੱਜ ਇਹ ਫ਼ੈਸਲਾ ਕਰ ਸਕਦਾ ਹੈ, ਕਿ ਉਹ **ਪੱਖਪਾਤ** ਕਰਕੇ ਤੁਹਾਡੇ ਕੇਸ ਦੀ ਸੁਣਵਾਈ ਨਹੀਂ ਕਰ ਸਕਦੇ। ਇਹ ਬਹੁਤ ਘੱਟ ਹੁੰਦਾ ਹੈ। ਇਹ ਵਾਪਰ ਸਕਦਾ ਹੈ, ਜੇ ਜੱਜ ਨੂੰ ਪਤਾ ਲੱਗਦਾ ਹੈ ਕਿ ਤੁਹਾਡੇ ਕੇਸ ਵਿੱਚ ਉਨ੍ਹਾਂ ਦਾ ਕਿਸੇ **ਧਿਰ** ਜਾਂ ਗਵਾਹਾਂ ਵਿੱਚੋਂ ਕਿਸੇ ਨਾਲ ਨਜ਼ਦੀਕੀ ਰਿਸ਼ਤਾ ਹੈ।

6.10. ਇੱਕ ਜੱਜ ਸਿਰਫ਼ ਇਸ ਲਈ ਪੱਖਪਾਤੀ ਨਹੀਂ ਹੋ ਜਾਂਦਾ, ਕਿਉਂਕਿ ਉਹ ਕਹਿੰਦੇ ਹਨ ਕਿ ਉਹ ਉਸ ਨਾਲ ਸਹਿਮਤ ਹੋਏ ਹਨ ਜੋ ਇੱਕ **ਧਿਰ** ਦੀ ਦਲੀਲ ਹੈ। ਜੇ ਜੱਜ ਫ਼ੈਸਲਾ ਕਰਦਾ ਹੈ, ਕਿ ਉਹ ਤੁਹਾਡੇ ਕੇਸ ਦੀ ਸੁਣਵਾਈ ਨਹੀਂ ਕਰ ਸਕਦੇ, ਤਾਂ ਅਦਾਲਤ ਕੇਸ ਦਾ ਪ੍ਰਬੰਧ ਕਰਨ ਲਈ ਕਿਸੇ ਹੋਰ ਜੱਜ ਦਾ ਇੰਤਜ਼ਾਮ ਕਰੇਗੀ।

6.11. ਜੱਜ ਕਾਨੂੰਨੀ ਮੁੱਦੇ ਉਠਾ ਸਕਦਾ ਹੈ, ਅਤੇ ਧਿਰਾਂ ਨੂੰ ਪੁੱਛ ਸਕਦਾ ਹੈ ਕਿ ਉਹ ਉਨ੍ਹਾਂ ਮੁੱਦਿਆਂ ਬਾਰੇ ਕੀ ਕਹਿੰਦੇ ਹਨ। ਜੱਜ ਕੁਝ ਮੁੱਦਿਆਂ ਬਾਰੇ, ਜਾਂ ਕਿਸੇ ਧਿਰ ਦੇ ਸਬੂਤ ਜਾਂ ਦਲੀਲਾਂ ਨਾਲ ਜੁੜੇ ਮੁੱਦਿਆਂ ਬਾਰੇ ਸ਼ੁਰੂਆਤੀ ਵਿਚਾਰ ਦੇ ਸਕਦਾ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਜੱਜ ਨੇ ਕੇਸ ਦਾ ਫ਼ੈਸਲਾ ਕਰ ਲਿਆ ਹੈ। ਇਸ ਦਾ ਮਤਲਬ ਇਹ ਵੀ ਨਹੀਂ ਹੈ ਕਿ ਜੱਜ ਪੱਖਪਾਤੀ ਹੈ। ਇਹ ਪਤਾ ਲਗਾਉਣਾ ਜੱਜ ਦੀ ਭੂਮਿਕਾ ਦਾ ਹਿੱਸਾ ਹੈ, ਕਿ ਕੇਸ ਕਿਸ ਬਾਰੇ ਵਿੱਚ ਹੈ ਅਤੇ ਉਸ ਕਾਨੂੰਨ 'ਤੇ ਕੰਮ ਕਰਨ ਲਈ ਸਵਾਲ ਪੁੱਛਣਾ ਜੋ ਲਾਗੂ ਹੋ ਸਕਦਾ ਹੈ। ਜੱਜ ਅਜਿਹਾ ਕੇਸ ਵਿੱਚ ਫ਼ੈਸਲਾ ਕੀਤੇ ਜਾਣ ਵਾਲੇ ਕਾਨੂੰਨੀ ਮੁੱਦਿਆਂ ਨੂੰ ਸਮਝਣ ਲਈ ਕਰਦਾ ਹੈ।

C. ਰਜਿਸਟਰਾਰ

6.12. **ਕਾਨੂੰਨ** ਅਤੇ **ਨਿਯਮ** ਰਜਿਸਟਰਾਰਾਂ ਨੂੰ ਕੇਸਾਂ ਦਾ ਪ੍ਰਬੰਧ ਕਰਨ ਵਿੱਚ ਮਦਦ ਕਰਨ ਲਈ ਕੁਝ ਸ਼ਕਤੀਆਂ ਦਿੰਦੇ ਹਨ। **ਰਜਿਸਟਰਾਰ** ਕੁਝ ਕਿਸਮਾਂ ਦੇ ਕੇਸਾਂ ਜਾਂ ਕੇਸਾਂ ਦੇ ਕੁਝ ਹਿੱਸਿਆਂ ਦੀ ਦੇਖਭਾਲ ਕਰਕੇ ਜੱਜਾਂ ਦੀ ਮਦਦ ਕਰਦੇ ਹਨ। **ਰਜਿਸਟਰਾਰ ਸੁਣਵਾਈਆਂ** ਜਾਂ **ਕਾਨਫਰੰਸਾਂ** ਦਾ ਸੰਚਾਲਨ ਕਰ ਸਕਦੇ ਹਨ। ਉਹ **ਹੁਕਮ** ਦੇ ਸਕਦੇ ਹਨ। ਉਹ ਕਿਸੇ ਕੇਸ ਦੇ ਕੁਝ ਹਿੱਸਿਆਂ ਦਾ ਫ਼ੈਸਲਾ ਕਰ ਸਕਦੇ ਹਨ। ਉਨ੍ਹਾਂ ਦਾ ਕੰਮ ਜੱਜ ਦੇ ਕੰਮ ਨਾਲੋਂ ਵਧੇਰੇ ਸੀਮਤ ਹੈ।

6.13. **ਰਜਿਸਟਰਾਰ** ਕਿਸੇ **ਸੁਣਵਾਈ** ਜਾਂ **ਕਾਨਫਰੰਸ** ਦੌਰਾਨ, ਤੁਹਾਨੂੰ ਇਸ ਬਾਰੇ ਆਮ ਜਾਣਕਾਰੀ ਦੇ ਸਕਦਾ ਹੈ ਕਿ ਅਦਾਲਤ ਕਿਵੇਂ ਕੰਮ ਕਰਦੀ ਹੈ।

D. ਅਦਾਲਤੀ ਅਮਲਾ

6.14. ਅਦਾਲਤੀ ਅਮਲੇ ਦੀਆਂ ਤਿੰਨ ਕਿਸਮਾਂ ਹਨ:

(a) **ਚੈਂਬਰ ਵਾਲਾ** ਅਮਲਾ, ਜੋ ਜੱਜਾਂ ਦੀ ਸਹਾਇਤਾ ਕਰਦੇ ਹਨ;

(b) ਰਜਿਸਟਰਾਰ ਸਹਾਇਤਾ ਅਮਲਾ ਜੋ **ਰਜਿਸਟਰਾਰਾਂ** ਦੀ ਸਹਾਇਤਾ ਕਰਦਾ ਹੈ; ਅਤੇ

(c) ਰਜਿਸਟਰੀ ਅਮਲਾ ਜੋ **ਰਜਿਸਟਰੀ** ਦੇ ਕੰਮ ਵਿੱਚ ਸਹਾਇਤਾ ਕਰਦਾ ਹੈ।

6.15. ਚੈਂਬਰ ਦੇ ਅਮਲੇ ਨੂੰ ਸਹਿਯੋਗੀ ਜਾਂ ਕਾਰਜਕਾਰੀ ਸਹਾਇਕ ਕਿਹਾ ਜਾਂਦਾ ਹੈ। ਉਹ ਜੱਜਾਂ ਦੇ ਦਫ਼ਤਰਾਂ ਵਿੱਚ ਆਪਣੇ ਜੱਜਾਂ ਦੀ ਮਦਦ ਕਰਦੇ ਹਨ, ਜਿਨ੍ਹਾਂ ਨੂੰ ਚੈਂਬਰ ਕਿਹਾ ਜਾਂਦਾ ਹੈ। ਉਹ ਸੁਣਵਾਈਆਂ ਦਾ ਆਯੋਜਨ ਕਰਦੇ ਹਨ ਅਤੇ ਉਸ ਸਮੇਂ ਹਾਜ਼ਰ ਹੁੰਦੇ ਹਨ। ਉਹ ਤੁਹਾਡੇ ਕੇਸ ਵਿੱਚ ਆਪਣੇ ਜੱਜ ਦੁਆਰਾ ਦਿੱਤੇ ਗਏ ਹੁਕਮਾਂ ਦੀ ਨਕਲ ਪ੍ਰਦਾਨ ਕਰ ਸਕਦੇ ਹਨ।

6.16. ਚੈਂਬਰ ਦਾ ਅਮਲਾ ਸੁਣਵਾਈ ਦੇ ਇੰਤਜ਼ਾਮਾਂ ਅਤੇ ਅਦਾਲਤ ਵਿੱਚ ਦਾਇਰ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਬਾਰੇ ਜਾਣਕਾਰੀ ਦੇ ਸਕਦਾ ਹੈ।

6.17. ਰਜਿਸਟਰਾਰ ਸਹਾਇਤਾ ਅਮਲਾ **ਰਜਿਸਟਰਾਰਾਂ** ਦੀ ਮਦਦ ਕਰਦਾ ਹੈ। ਉਹ **ਸੁਣਵਾਈ** ਦਾ ਆਯੋਜਨ ਕਰਦੇ ਹਨ। ਉਹ **ਕਾਨਫਰੰਸਾਂ** ਜਾਂ **ਵਿਚੋਲਗੀਆਂ** ਦਾ ਪ੍ਰਬੰਧ ਕਰਦੇ ਹਨ।

6.18. ਰਜਿਸਟਰਾਰ ਸਹਾਇਤਾ ਅਮਲਾ **ਸੁਣਵਾਈਆਂ** ਅਤੇ **ਕਾਨਫਰੰਸਾਂ** ਬਾਰੇ ਜਾਣਕਾਰੀ ਦੇ ਸਕਦਾ ਹੈ।

6.19. ਰਜਿਸਟਰੀ ਅਮਲਾ **ਰਜਿਸਟਰੀ** ਦੇ ਕੰਮ ਵਿੱਚ ਸਹਾਇਤਾ ਕਰਦਾ ਹੈ। ਰਜਿਸਟਰੀ ਅਮਲਾ ਤੁਹਾਨੂੰ ਅਦਾਲਤ ਦੇ ਆਮ ਕੰਮ ਕਰਨ ਦੇ ਤਰੀਕੇ ਬਾਰੇ ਅਤੇ **ਸੁਣਵਾਈਆਂ** ਅਤੇ **ਦੁਭਾਸ਼ੀਆਂ** ਬਾਰੇ ਦੱਸ ਸਕਦਾ ਹੈ। ਉਹ ਅਦਾਲਤ ਦੀ ਵੈੱਬਸਾਈਟ 'ਤੇ ਫਾਰਮਾਂ ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਉਹ ਤੁਹਾਨੂੰ ਦੱਸ ਸਕਦੇ ਹਨ ਕਿ ਕੀ ਕਿਸੇ ਚੀਜ਼ ਵਾਸਤੇ ਕੋਈ ਅਦਾਲਤੀ ਫ਼ੀਸ ਲੱਗਦੀ ਹੈ, ਅਤੇ ਅਦਾਲਤੀ ਫ਼ੀਸ ਕਿੰਨੀ ਹੋ ਸਕਦੀ ਹੈ।

6.20. ਜੇ ਤੁਹਾਡੇ ਕੇਸ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਤੁਹਾਨੂੰ ਰਜਿਸਟਰੀ ਅਮਲੇ ਨੂੰ ਪੁੱਛਣਾ ਚਾਹੀਦਾ ਹੈ। ਤੁਹਾਨੂੰ ਚੈਂਬਰ ਦੇ ਅਮਲੇ ਜਾਂ ਰਜਿਸਟਰਾਰ ਸਹਾਇਤਾ ਅਮਲੇ ਨਾਲ ਕੇਵਲ ਉਦੋਂ ਹੀ ਸੰਪਰਕ ਕਰਨਾ ਚਾਹੀਦਾ ਹੈ, ਜਦੋਂ ਤੁਹਾਨੂੰ ਅਜਿਹਾ ਕਰਨ ਲਈ ਕਿਹਾ ਜਾਂਦਾ ਹੈ।

# 7. ਅਦਾਲਤ ਕੀ ਨਹੀਂ ਕਰ ਸਕਦੀ ਹੈ।

7.1. ਇਹ ਸੈਕਸ਼ਨ ਤੁਹਾਨੂੰ ਦੱਸਦਾ ਹੈ ਕਿ ਅਦਾਲਤ ਕਿਹੜਾ ਕੰਮ ਨਹੀਂ ਕਰ ਸਕਦੀ ਹੈ। ਇਸ ਦਾ ਮਤਲਬ

ਇਹ ਹੈ ਕਿ ਜੱਜ, **ਰਜਿਸਟਰਾਰ** ਅਤੇ ਅਦਾਲਤੀ ਅਮਲਾ ਇਹ ਕੰਮ ਨਹੀਂ ਕਰ ਸਕਦੇ।

7.2. ਜੱਜ, **ਰਜਿਸਟਰਾਰ** ਅਤੇ ਅਦਾਲਤੀ ਅਮਲਾ ਤੁਹਾਨੂੰ **ਕਾਨੂੰਨੀ ਸਲਾਹ** ਨਹੀਂ ਦੇ ਸਕਦੇ।

7.3. ਉਹ ਤੁਹਾਨੂੰ ਇਹ ਫ਼ੈਸਲਾ ਕਰਨ ਵਿੱਚ ਮਦਦ ਨਹੀਂ ਕਰ ਸਕਦੇ ਕਿ ਕੀ ਤੁਹਾਨੂੰ ਅਦਾਲਤ ਵਿੱਚ ਕੋਈ **ਦਾਅਵਾ** ਸ਼ੁਰੂ ਕਰਨਾ ਜਾਂ **ਅਪੀਲ** ਕਰਨੀ ਚਾਹੀਦੀ ਹੈ।

7.4. ਉਹ ਤੁਹਾਨੂੰ ਇਹ ਨਹੀਂ ਦੱਸ ਸਕਦੇ ਕਿ ਕੀ ਤੁਹਾਡੇ **ਦਾਅਵੇ**, **ਅਪੀਲ** ਜਾਂ **ਬਚਾਅ ਪੱਖ** ਨੂੰ ਜਾਰੀ ਰੱਖਣਾ ਚੰਗਾ ਵਿਚਾਰ ਹੈ।

7.5. ਉਹ ਤੁਹਾਨੂੰ ਇਹ ਨਹੀਂ ਦੱਸ ਸਕਦੇ ਕਿ **ਕਾਨੂੰਨੀ ਦਸਤਾਵੇਜ਼ਾਂ** ਦਾ ਖਰੜਾ ਕਿਵੇਂ ਤਿਆਰ ਕਰਨਾ ਹੈ, ਜਾਂ ਆਪਣੇ **ਸਬੂਤ** ਕਿਵੇਂ ਪੇਸ਼ ਕਰਨੇ ਹਨ।

7.6. ਉਹ ਤੁਹਾਨੂੰ ਇਹ ਨਹੀਂ ਦੱਸ ਸਕਦੇ ਕਿ ਤੁਸੀਂ ਆਪਣੇ **ਦਾਅਵੇ**, **ਅਪੀਲ** ਜਾਂ **ਬਚਾਅ** ਵਿੱਚ ਕਿਹੜੀਆਂ ਉਪਯੋਗੀ ਚੀਜ਼ਾਂ ਸ਼ਾਮਲ ਕਰ ਸਕਦੇ ਹੋ।

7.7. ਉਹ ਤੁਹਾਨੂੰ ਇਹ ਨਹੀਂ ਦੱਸ ਸਕਦੇ ਕਿ ਤੁਹਾਨੂੰ, ਜਾਂ ਕਿਸੇ ਵੀ ਗਵਾਹ ਨੂੰ, **ਹਲਫ਼ਨਾਮੇ** ਜਾਂ **ਗਵਾਹਾਂ ਦੇ ਬਿਆਨਾਂ** ਵਰਗੇ **ਦਸਤਾਵੇਜ਼ਾਂ** ਵਿੱਚ ਕੀ ਕਹਿਣਾ ਚਾਹੀਦਾ ਹੈ।

7.8. ਉਹ ਤੁਹਾਡੇ ਲਈ ਕੇਸ ਨਹੀਂ ਚਲਾ ਸਕਦੇ ਹਨ।

7.9. ਉਹ ਤੁਹਾਨੂੰ ਇਹ ਨਹੀਂ ਦੱਸ ਸਕਦੇ ਕਿ ਸੁਣਵਾਈਆਂ ਵਿੱਚ ਕੀ ਕਹਿਣਾ ਹੈ, ਜਾਂ ਆਪਣੇ ਕੇਸ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਕਿਵੇਂ ਪੇਸ਼ ਕਰਨਾ ਹੈ।

7.10. ਉਹ ਤੁਹਾਨੂੰ ਤੁਹਾਡੇ ਕੇਸ ਵਿੱਚ ਕਿਸੇ ਹੋਰ **ਧਿਰ** ਨਾਲੋਂ ਫਾਇਦਾ ਨਹੀਂ ਪਹੁੰਚਾ ਸਕਦੇ।

7.11. ਅਦਾਲਤੀ ਅਮਲਾ ਤੁਹਾਨੂੰ ਇਹ ਨਹੀਂ ਦੱਸ ਸਕਦਾ ਕਿ ਜੱਜ ਜਾਂ **ਰਜਿਸਟਰਾਰ** ਤੁਹਾਡੇ ਕੇਸ ਬਾਰੇ ਕੀ ਫ਼ੈਸਲਾ ਕਰੇਗਾ।

7.12. ਅਦਾਲਤੀ ਅਮਲਾ ਤੁਹਾਨੂੰ ਕਿਸੇ ਸੁਣਵਾਈ ਤੋਂ ਇਲਾਵਾ, ਜੱਜ ਨਾਲ ਸਿੱਧੇ ਤੌਰ 'ਤੇ ਗੱਲ ਕਰਨ ਨਹੀਂ ਦੇ ਸਕਦਾ।

7.13. ਅਦਾਲਤੀ ਅਮਲਾ ਦੂਜੀਆਂ ਧਿਰਾਂ ਨੂੰ ਦੱਸੇ ਬਗੈਰ ਇੱਕ **ਧਿਰ** ਨੂੰ ਚਿੱਠੀ ਨਹੀਂ ਲਿਖ ਸਕਦਾ।

# 8. ਵਕੀਲ ਕੀ ਕੰਮ ਕਰਦੇ ਹਨ

8.1. ਆਮ ਤੌਰ 'ਤੇ ਦੂਜੀਆਂ **ਧਿਰਾਂ** ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਹੋਣਗੇ। ਵਕੀਲ ਆਪਣੇ ਮੁਵੱਕਲ ਦੀ ਮਦਦ ਕਰਨ ਲਈ ਉੱਥੇ ਮੌਜੂਦ ਹੋਣਗੇ। ਉਹ ਤੁਹਾਡੇ ਕੇਸ ਨੂੰ ਪੇਸ਼ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਨਹੀਂ ਹਨ।

8.2. ਵਕੀਲਾਂ ਕੋਲ ਇਸ ਬਾਰੇ ਨਿਯਮ ਹਨ, ਕਿ ਉਨ੍ਹਾਂ ਨੂੰ ਅਦਾਲਤ, ਉਨ੍ਹਾਂ ਦੇ ਆਪਣੇ ਗਾਹਕਾਂ ਅਤੇ ਕੇਸ ਵਿੱਚ ਦੂਸਰਿਆਂ ਨਾਲ ਕਿਵੇਂ ਨਜਿੱਠਣਾ ਚਾਹੀਦਾ ਹੈ। ਇੱਕ ਨਿਯਮ ਇਹ ਹੈ ਕਿ ਵਕੀਲਾਂ ਨੂੰ ਅਦਾਲਤ ਦੀ ਮਦਦ ਕਰਨੀ ਚਾਹੀਦੀ ਹੈ। ਅਦਾਲਤ ਦੀ ਮਦਦ ਕਰਨ ਦੇ ਇੱਕ ਹਿੱਸੇ ਦਾ ਮਤਲਬ ਇਹ ਹੈ ਕਿ ਕੋਈ ਵਕੀਲ ਤੁਹਾਡੇ ਕੇਸ ਵਿੱਚ ਅਦਾਲਤ ਦੇ ਕੰਮ ਕਰਨ ਦੇ ਤਰੀਕੇ ਦਾ ਇੱਕ ਹਿੱਸਾ ਤੁਹਾਨੂੰ ਦੱਸਣ ਦੀ ਕੋਸ਼ਿਸ਼ ਕਰ ਸਕਦਾ ਹੈ।

8.3. ਅਦਾਲਤ ਇਹ ਵੀ ਉਮੀਦ ਕਰਦੀ ਹੈ ਕਿ ਧਿਰਾਂ ਕੇਸ ਦੀ ਅੰਤਿਮ ਸੁਣਵਾਈ ਦੀ ਤਿਆਰੀ ਵਿੱਚ ਸਹਿਯੋਗ ਕਰਨ। ਜੇ ਤੁਸੀਂ ਸੋਚਦੇ ਹੋ ਕਿ ਕੇਸ ਵਿੱਚ ਕੁਝ ਹੋਣਾ ਚਾਹੀਦਾ ਹੈ, ਤਾਂ ਤੁਹਾਨੂੰ ਦੂਜੀਆਂ **ਧਿਰਾਂ** ਦੇ ਵਕੀਲ ਨੂੰ ਨਿਮਰਤਾ ਨਾਲ ਬੇਨਤੀ ਕਰਨੀ ਚਾਹੀਦੀ ਹੈ। ਹੋ ਸਕਦਾ ਹੈ ਕਿ ਤੁਸੀਂ ਸਹਿਮਤ ਹੋ ਜਾਵੋ। ਇਸ ਨਾਲ ਸਮੇਂ ਅਤੇ ਖ਼ਰਚੇ ਦੀ ਬੱਚਤ ਹੁੰਦੀ ਹੈ।

8.4. ਦੂਜੀ **ਧਿਰ** ਦਾ ਵਕੀਲ ਤੁਹਾਨੂੰ **ਕਾਨੂੰਨੀ ਸਲਾਹ** ਨਹੀਂ ਦੇ ਸਕਦਾ।

8.5. ਵਕੀਲ ਨੂੰ ਜੋ ਕੁਝ ਵੀ ਤੁਸੀਂ ਕਹਿੰਦੇ ਹੋ, ਉਹ ਵਕੀਲ ਨੂੰ ਲਾਜ਼ਮੀ ਤੌਰ 'ਤੇ ਆਪਣੇ ਮੁਵੱਕਲ ਨੂੰ ਦੱਸਣਾ ਚਾਹੀਦਾ ਹੈ।  ਉਨ੍ਹਾਂ ਦੇ ਵਕੀਲ ਨੂੰ ਦੱਸਣ ਤੋਂ ਪਹਿਲਾਂ ਇਸ ਬਾਰੇ ਸੋਚੋ, ਕਿ ਕੀ ਤੁਸੀਂ ਚਾਹੁੰਦੇ ਹੋ ਕਿ ਦੂਜੀ ਧਿਰ ਇਸ ਬਾਰੇ ਕੁਝ ਜਾਣੇ।

# 9. ਅਗਲੇ ਕਦਮ

9.1. ਹੁਣ ਤੁਸੀਂ ਇਹ ਫ਼ੈਸਲਾ ਕਰ ਸਕਦੇ ਹੋ, ਕਿ ਕੀ ਬਿਨਾਂ ਕਿਸੇ ਵਕੀਲ ਦੇ ਆਪਣੇ ਕੇਸ ਨੂੰ ਜਾਰੀ ਰੱਖਣਾ ਹੈ ਜਾਂ ਨਹੀਂ।  ਤੁਸੀਂ ਫ਼ੈਸਲਾ ਕਰ ਸਕਦੇ ਹੋ ਕਿ ਤੁਹਾਨੂੰ ਸਲਾਹ ਦੇਣ ਜਾਂ ਨੁਮਾਇੰਦਗੀ ਕਰਨ ਲਈ, ਕਿਸੇ ਵਕੀਲ ਨੂੰ ਲੱਭਣ ਦੀ ਕੋਸ਼ਿਸ਼ ਕਰਨਾ ਬਿਹਤਰ ਹੋਵੇਗਾ।

9.2. ਹੋ ਸਕਦਾ ਹੈ ਤੁਸੀਂ **ਦਾਅਵੇ** ਜਾਂ **ਅਪੀਲ** ਸ਼ੁਰੂ ਕਰਨ ਲਈ ਤਿਆਰ ਨਾ ਹੋਵੋ, ਕਿਉਂਕਿ ਤੁਸੀਂ ਆਪਣੇ **ਦਾਅਵੇ** ਦਾ ਸਮਰਥਨ ਕਰਨ, ਜਾਂ ਤੱਥਾਂ ਅਤੇ **ਕਾਨੂੰਨ** ਅਨੁਸਾਰ **ਅਪੀਲ** ਕਰਨ ਜਾਂ ਉਨ੍ਹਾਂ **ਹੁਕਮਾਂ** ਨੂੰ ਸਮਝਾਉਣ ਦੇ ਅਯੋਗ ਹੋ, ਜੋ ਤੁਸੀਂ ਲੈਣਾ ਚਾਹੁੰਦੇ ਹੋ। ਆਪਣੇ **ਦਾਅਵੇ** ਜਾਂ **ਅਪੀਲ** ਨੂੰ ਸ਼ੁਰੂ ਕਰਨ ਤੋਂ

ਪਹਿਲਾਂ, ਤੁਹਾਨੂੰ ਹੋਰ ਕੰਮ ਕਰਨ ਦੀ ਲੋੜ ਪਵੇਗੀ।

9.3. ਹੋ ਸਕਦਾ ਹੈ ਕਿ ਤੁਸੀਂ ਫ਼ੈਸਲਾ ਕਰੋ ਕਿ ਕੇਸ ਨੂੰ ਜਾਰੀ ਰੱਖਣਾ ਜਾਂ ਇਸ ਦਾ ਬਚਾਅ ਕਰਨਾ ਪ੍ਰੇਸ਼ਾਨੀ ਚੁੱਕਣ ਦੇ ਯੋਗ ਨਹੀਂ ਹੈ।

9.4. ਜੇ ਤੁਸੀਂ ਬਿਨਾਂ ਕਿਸੇ ਵਕੀਲ ਦੇ ਕੇਸ ਨੂੰ ਜਾਰੀ ਰੱਖਣ ਦਾ ਫ਼ੈਸਲਾ ਕਰਦੇ ਹੋ, ਪਰ ਅਗਲੇ ਕਦਮਾਂ ਬਾਰੇ ਪੱਕਾ ਪਤਾ ਨਹੀਂ ਹੈ, ਤਾਂ ਕਿਰਪਾ ਕਰਕੇ ਰਜਿਸਟਰੀ ਨਾਲ ਸੰਪਰਕ ਕਰੋ। ਅਦਾਲਤ ਤੁਹਾਨੂੰ ਇਸ ਬਾਰੇ ਵਧੇਰੇ ਦੱਸ ਸਕਦੀ ਹੈ ਕਿ ਤੁਹਾਨੂੰ ਅੱਗੇ ਕੀ ਕਰਨਾ ਹੈ।

ਡੀ ਐਸ ਮੋਰਟੀਮਰ

ਚੀਫ਼ ਜਸਟਿਸ

5 ਮਾਰਚ 2026

# ਅਟੈਚਮੈਂਟ A – ਪਰਿਭਾਸ਼ਾਵਾਂ

ਅਦਾਲਤ ਵਿੱਚ ਕੁਝ ਅਜਿਹੇ ਸ਼ਬਦ ਵਰਤੇ ਜਾ ਸਕਦੇ ਹਨ, ਜੋ ਤੁਸੀਂ ਪਹਿਲਾਂ ਨਹੀਂ ਸੁਣੇ ਹੋਣਗੇ। ਇਹ ਉਨ੍ਹਾਂ ਕੁਝ ਸ਼ਬਦਾਂ ਦੀ ਸੂਚੀ ਹੈ, ਜਿਨ੍ਹਾਂ ਨੂੰ ਤੁਸੀਂ ਪਹਿਲੀ ਵਾਰ ਨਹੀਂ ਸਮਝ ਸਕਦੇ, ਅਤੇ ਇਨ੍ਹਾਂ ਦਾ ਮਤਲਬ ਕੀ ਹੈ। ਪ੍ਰੈਕਟਿਸ ਨੋਟ ਵਿੱਚ **ਇਸ ਤਰ੍ਹਾਂ** ਸ਼ਬਦਾਂ ਨੂੰ ਮੋਟੇ ਅੱਖਰਾਂ ਵਿੱਚ ਉਜਾਗਰ ਕੀਤਾ ਗਿਆ ਸੀ:

| | |
|---|---|
| ਅਦਾਲਤੀ ਕਾਰਵਾਈ ਦੀ ਦੁਰਵਰਤੋਂ | ਸਫ਼ਲਤਾ ਦੀ ਭਾਵੇਂ ਕੋਈ ਸੰਭਾਵਨਾ ਨਾ ਹੋਵੇ, ਜਾਂ ਕਿਸੇ ਹੋਰ ਧਿਰ ਨੂੰ ਤੰਗ ਜਾਂ ਪ੍ਰੇਸ਼ਾਨ ਕਰਨ ਲਈ ਕੋਈ ਕੇਸ ਸ਼ੁਰੂ ਕਰਨਾ। ਅਦਾਲਤੀ ਪ੍ਰਕਿਰਿਆ ਦੀ ਦੁਰਵਰਤੋਂ ਵਾਲੇ ਕਿਸੇ ਕੇਸ ਨੂੰ ਅੱਗੇ ਚੱਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। |
| ਸੁਣਵਾਈ ਨੂੰ ਮੁਲਤਵੀ ਕਰਨਾ | ਜਦੋਂ ਕਿਸੇ ਸੁਣਵਾਈ ਨੂੰ ਬਾਅਦ ਦੀ ਤਾਰੀਖ਼ ਲਈ ਤੈਅ ਕਰ ਦਿੱਤਾ ਜਾਂਦਾ ਹੈ। ਸੁਣਵਾਈ ਨੂੰ ਮੁਲਤਵੀ ਕਰਨ ਦੀ ਬੇਨਤੀ ਕੀਤੀ ਜਾ ਸਕਦੀ ਹੈ, ਪਰ ਇਹ ਆਪਣੇ ਆਪ ਹੀ ਮਨਜ਼ੂਰ ਨਹੀਂ ਕੀਤੀ ਜਾਏਗੀ। |
| ਹਲਫ਼ਨਾਮਾ ਜਾਂ ਗਵਾਹ ਦਾ ਬਿਆਨ | ਤੱਥਾਂ ਦਾ ਇੱਕ ਲਿਖਤੀ ਬਿਆਨ, ਜਿਸ ਬਾਰੇ ਤੁਸੀਂ ਸਹੁੰ ਚੁੱਕ ਕੇ (ਜੇ ਤੁਸੀਂ ਧਾਰਮਿਕ ਹੋ) ਜਾਂ ਪੁਸ਼ਟੀਕਰਨ (ਜੇ ਤੁਸੀਂ ਧਾਰਮਿਕ ਨਹੀਂ ਹੋ) ਕਰਕੇ, ਇਹ ਵਾਅਦਾ ਕਰਦੇ ਹੋ ਕਿ ਇਹ ਸੱਚ ਹੈ। ਤੁਹਾਨੂੰ ਲਾਜ਼ਮੀ ਤੌਰ 'ਤੇ ਕਿਸੇ ਅਜਿਹੇ ਵਿਅਕਤੀ ਦੇ ਸਾਹਮਣੇ ਲਿਖਤੀ ਬਿਆਨ 'ਤੇ ਦਸਤਖ਼ਤ ਕਰਨੇ ਚਾਹੀਦੇ ਹਨ, ਜੋ ਤੁਹਾਡੇ ਦਸਤਖ਼ਤਾਂ ਦੀ ਗਵਾਹੀ ਦੇਣ ਲਈ ਅਧਿਕਾਰਤ ਹੈ। |
| ਬਿਨੈਕਾਰ ਜਾਂ ਮੁਦਈ | ਉਹ ਧਿਰ ਜੋ ਕੇਸ ਸ਼ੁਰੂ ਕਰਨ ਲਈ ਅਦਾਲਤ ਨੂੰ ਅਰਜ਼ੀ ਦਿੰਦੀ ਹੈ। |
| ਅਪੀਲ | ਅਦਾਲਤ ਵੱਲੋਂ ਲਏ ਗਏ ਕਿਸੇ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਲਈ ਇੱਕ ਧਿਰ ਵੱਲੋਂ ਦਿੱਤੀ ਗਈ ਅਰਜ਼ੀ, ਜਿਸ ਦਾ ਪਹਿਲਾਂ ਫ਼ੈਸਲਾ ਕੀਤਾ ਗਿਆ ਸੀ। |
| ਅਪੀਲਕਰਤਾ | ਉਹ ਧਿਰ ਜੋ ਅਦਾਲਤ ਵਿੱਚ ਅਪੀਲ ਦੀ ਕਾਰਵਾਈ ਸ਼ੁਰੂ ਕਰਦੀ ਹੈ। |
| ਪੱਖਪਾਤ | ਇੱਕ ਧਿਰ ਨੂੰ ਦੂਜੀ ਨਾਲੋਂ ਵੱਧ ਤਰਜੀਹ ਦੇਣਾ। |

| | |
|---|---|
| ਕੇਸ ਦੇ ਪ੍ਰਬੰਧ ਲਈ ਸੁਣਵਾਈ | ਤੁਹਾਡੇ ਕੇਸ ਵਿੱਚ ਅਗਲੇ ਕਦਮਾਂ ਜਾਂ ਕਾਰਵਾਈ ਦੇ ਹੋਰ ਮੁੱਦਿਆਂ ਨਾਲ ਨਿਪਟਣ ਲਈ ਕਿਸੇ ਜੱਜ ਜਾਂ ਰਜਿਸਟਰਾਰ ਦੇ ਸਾਹਮਣੇ ਸੁਣਵਾਈ। |
| ਚੈਂਬਰ | ਜੱਜ ਦਾ ਦਫ਼ਤਰ, ਜਿਸ ਦਾ ਪ੍ਰਬੰਧ ਅਮਲੇ ਦੁਆਰਾ ਕੀਤਾ ਜਾਂਦਾ ਹੈ, ਜਿੰਨ੍ਹਾਂ ਨੂੰ ਸਹਿਯੋਗੀ ਜਾਂ ਕਾਰਜਕਾਰੀ ਸਹਾਇਕ ਕਿਹਾ ਜਾਂਦਾ ਹੈ। |
| ਦਾਅਵਾ | ਕਿਸੇ ਕਾਨੂੰਨੀ ਵਿਵਾਦ ਦੇ ਸੰਬੰਧ ਵਿੱਚ ਇੱਕ ਜਾਂ ਵਧੇਰੇ ਧਿਰਾਂ ਦੇ ਖਿਲਾਫ਼ **ਹੁਕਮ** ਦੇਣ ਲਈ ਅਦਾਲਤ ਨੂੰ ਕਿਸੇ ਬਿਨੈਕਾਰ ਜਾਂ ਮੁਦੱਈ ਦੁਆਰਾ ਦਿੱਤੀ ਗਈ ਅਰਜ਼ੀ। |
| ਕਾਨਫਰੰਸਾਂ | ਅਦਾਲਤ ਤੋਂ ਬਾਹਰ ਧਿਰਾਂ ਦੇ ਵਿਚਕਾਰ ਮੀਟਿੰਗ, ਤਾਂ ਜੋ ਉਨ੍ਹਾਂ ਦੇ ਵਿਵਾਦ, ਜਾਂ ਉਨ੍ਹਾਂ ਦੇ ਵਿਵਾਦ ਦੇ ਕੁਝ ਹਿੱਸੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕੇ। ਇੱਕ ਜੱਜ ਰਜਿਸਟਰਾਰ ਨੂੰ ਸਿਰਫ਼ ਇੱਕ ਧਿਰ ਨਾਲ ਮੀਟਿੰਗ ਕਰਨ ਲਈ ਵੀ ਕਹਿ ਸਕਦਾ ਹੈ, ਤਾਂ ਜੋ ਉਸ ਧਿਰ ਨੂੰ ਸਮਝਾਇਆ ਜਾ ਸਕੇ ਕਿ ਅਦਾਲਤ ਕਿਵੇਂ ਕੰਮ ਕਰਦੀ ਹੈ। ਇਸ ਨੂੰ ਸਮਝਾਉਣ ਵਾਲੀ ਕਾਨਫਰੰਸ ਕਿਹਾ ਜਾਂਦਾ ਹੈ। |
| ਖ਼ਰਚੇ | ਕਿਸੇ ਕੇਸ ਵਿੱਚ ਕਿਸੇ ਧਿਰ ਦੁਆਰਾ ਕਾਨੂੰਨੀ ਖ਼ਰਚਿਆਂ ਉਪਰ ਖ਼ਰਚੇ ਗਏ ਪੈਸੇ। ਇਹ ਖ਼ਰਚੇ ਜ਼ਿਆਦਾਤਰ ਉਹ ਪੈਸਾ ਹੁੰਦੇ ਹਨ, ਜੋ ਕਿਸੇ ਧਿਰ ਨੇ ਵਕੀਲਾਂ (ਵਕੀਲਾਂ ਅਤੇ ਬੈਰਿਸਟਰਾਂ) ਲਈ ਅਦਾ ਕੀਤੇ ਹਨ, ਅਤੇ ਨਾਲ ਹੀ ਹੋਰ ਕਾਨੂੰਨੀ ਖ਼ਰਚਿਆਂ ਜਿਵੇਂ ਕਿ ਅਦਾਲਤੀ ਫ਼ੀਸਾਂ ਲਈ। |
| ਬਚਾਅ | ਜਵਾਬਦੇਹ ਜਾਂ **ਬਚਾਓ ਕਰਤਾ** ਦੁਆਰਾ ਦੱਸੇ ਉਹ ਕਾਰਨ ਕਿ ਅਦਾਲਤ ਨੂੰ **ਬਿਨੈਕਾਰ** ਜਾਂ **ਮੁਦੱਈ** ਦੁਆਰਾ ਆਪਣੇ **ਦਾਅਵੇ** ਵਿੱਚ ਜਾਂ **ਅਪੀਲ ਕਰਤਾ** ਨੂੰ ਉਨ੍ਹਾਂ ਦੁਆਰਾ ਪਾਈ **ਅਪੀਲ** ਵਿੱਚ ਬੇਨਤੀ ਕੀਤੇ **ਹੁਕਮ** ਕਿਉਂ ਨਹੀਂ ਦੇਣੇ ਚਾਹੀਦੇ ਹਨ। |
| ਦਸਤਾਵੇਜ਼ | ਲਿਖਤੀ ਸ਼ਬਦਾਵਲੀ, ਕਾਗਜ਼ ਦੇ ਟੁਕੜੇ ਉਪਰ ਜਾਂ ਕੰਪਿਊਟਰ 'ਤੇ। ਕੁਝ ਦਸਤਾਵੇਜ਼ਾਂ ਨੂੰ ਲਾਜ਼ਮੀ ਤੌਰ 'ਤੇ ਇੱਕ ਖ਼ਾਸ ਤਰੀਕੇ ਵਰਗਾ ਦਿਖਾਈ ਦੇਣਾ ਚਾਹੀਦਾ ਹੈ। |

| | |
|---|---|
| | ਰਜਿਸਟਰੀ ਅਮਲਾ ਤੁਹਾਨੂੰ ਸਹੀ ਅਦਾਲਤੀ ਫਾਰਮ ਲੱਭਣ ਵਿੱਚ ਮਦਦ ਕਰ ਸਕਦਾ ਹੈ। |
| ਸਬੂਤ | ਕੋਈ ਅਜਿਹੀ ਚੀਜ਼ ਜੋ ਸਾਬਤ ਕਰਦੀ ਹੈ ਕਿ ਜੋ ਤੁਸੀਂ ਆਪਣੇ ਅਦਾਲਤੀ ਦਸਤਾਵੇਜ਼ਾਂ ਵਿੱਚ ਕਿਹਾ ਸੀ ਉਹ ਬਿਲਕੁਲ ਸੱਚ ਹੈ। ਉਦਾਹਰਨਾਂ ਵਿੱਚ ਗਵਾਹਾਂ ਦੇ ਬਿਆਨ ਜਾਂ ਦਸਤਾਵੇਜ਼ਾਂ ਦੀ ਸਮੱਗਰੀ ਸ਼ਾਮਲ ਹਨ। |
| ਦਸਤਾਵੇਜ਼ ਭਰਨਾ *ਜਾਂ* ਦਾਇਰ ਕਰਨਾ | ਅਦਾਲਤ ਨੂੰ ਦਸਤਾਵੇਜ਼ ਸੌਂਪਣਾ, ਜਿਨ੍ਹਾਂ ਨੂੰ ਫੇਰ ਅਦਾਲਤ ਦੁਆਰਾ ਸਵੀਕਾਰ ਕੀਤਾ ਜਾਂਦਾ ਹੈ। |
| ਅੰਤਿਮ ਸੁਣਵਾਈ | ਕਿਸੇ ਜੱਜ ਜਾਂ **ਰਜਿਸਟਰਾਰ** ਦੇ ਸਾਹਮਣੇ ਸੁਣਵਾਈ, ਜਿੱਥੇ ਜੱਜ ਜਾਂ **ਰਜਿਸਟਰਾਰ** ਫ਼ੈਸਲਾ ਕਰਦਾ ਹੈ ਕਿ ਮੰਗੇ ਗਏ **ਹੁਕਮ** ਦਿੱਤੇ ਜਾਣੇ ਹਨ ਜਾਂ ਨਹੀਂ। ਸਾਰੀਆਂ **ਧਿਰਾਂ** ਦਲੀਲਾਂ ਦਿੰਦੀਆਂ ਹਨ, ਅਤੇ **ਸਬੂਤ** ਵਿਖਾਉਂਦੀਆਂ ਹਨ, ਜੋ ਅੰਤਿਮ ਸੁਣਵਾਈ ਮੌਕੇ ਇਨ੍ਹਾਂ ਦਲੀਲਾਂ ਦਾ ਸਮਰਥਨ ਕਰਦੀਆਂ ਹਨ। |
| ਜਨਰੇਟਿਵ ਆਰਟੀਫਿਸ਼ੀਅਲ ਇੰਟੈਲੀਜੈਂਸ ਪ੍ਰੋਗਰਾਮ *(ਜਿਸ ਨੂੰ AI ਪ੍ਰੋਗਰਾਮ ਵੀ ਕਿਹਾ ਜਾਂਦਾ ਹੈ)* | ਇੱਕ ਕਿਸਮ ਦੀ ਕੰਪਿਊਟਰ-ਆਧਾਰਿਤ ਤਕਨਾਲੋਜੀ, ਜੋ ਨਵੇਂ ਦਸਤਾਵੇਜ਼ਾਂ, ਟੈਕਸਟ, ਚਿੱਤਰਾਂ ਜਾਂ ਹੋਰ ਸਮੱਗਰੀ ਬਣਾਉਣ ਲਈ ਵੱਡੀ ਮਾਤਰਾ ਵਿੱਚ ਮੌਜੂਦਾ ਜਾਣਕਾਰੀ ਦੀ ਵਰਤੋਂ ਕਰਦੀ ਹੈ, ਜਿਸ ਵਿੱਚ ਬਹੁਤ ਘੱਟ ਜਾਂ ਕੋਈ ਮਨੁੱਖੀ ਸ਼ਮੂਲੀਅਤ ਨਹੀਂ ਹੁੰਦੀ। |
| ਅਦਾਲਤੀ ਸੁਣਵਾਈ | ਕਿਸੇ ਜੱਜ ਜਾਂ **ਰਜਿਸਟਰਾਰ** ਦੇ ਸਾਹਮਣੇ ਇੱਕ ਰਸਮੀ ਘਟਨਾ ਜਿੱਥੇ ਧਿਰਾਂ ਵਿਚਾਰ ਕਰਨ ਲਈ ਜੱਜ ਜਾਂ **ਰਜਿਸਟਰਾਰ** ਨੂੰ ਜਾਣਕਾਰੀ ਪੇਸ਼ ਕਰਦੀਆਂ ਹਨ। ਆਮ ਤੌਰ 'ਤੇ, **ਸੁਣਵਾਈ** ਅਦਾਲਤ ਦੇ ਕਮਰੇ ਵਿੱਚ ਹੁੰਦੀ ਹੈ, ਪਰ ਕੁਝ ਸੁਣਵਾਈਆਂ ਔਨਲਾਈਨ ਹੋ ਸਕਦੀਆਂ ਹਨ। |
| ਆਪਸੀ ਗੱਲਬਾਤ ਲਈ ਅਰਜ਼ੀ | ਕੇਸ ਦੇ ਦੌਰਾਨ ਅਤੇ **ਅੰਤਿਮ ਸੁਣਵਾਈ** ਹੋਣ ਤੋਂ ਪਹਿਲਾਂ ਕਿਸੇ ਵੀ **ਧਿਰ** ਦੁਆਰਾ ਦਿੱਤੀ ਗਈ ਅਰਜ਼ੀ। ਇਹ ਅਰਜ਼ੀਆਂ ਅਦਾਲਤ ਨੂੰ ਕੇਸ ਦੀ ਸੁਣਵਾਈ ਦੇ ਸਹੀ ਤਰੀਕੇ ਬਾਰੇ **ਹੁਕਮ** ਦੇਣ ਲਈ ਕਹਿ ਸਕਦੀਆਂ ਹਨ, ਜਾਂ ਅਜਿਹੇ **ਹੁਕਮ** ਦੇਣ ਲਈ ਕਹਿ ਸਕਦੀਆਂ ਹਨ ਜੋ ਕੇਸ ਨੂੰ ਜਲਦੀ |

| | |
|---|---|
| | ਖ਼ਤਮ ਕਰ ਦੇਣ। |
| ਦੁਭਾਸ਼ੀਆ | ਇੱਕ ਅਜਿਹਾ ਵਿਅਕਤੀ, ਜੋ ਤੁਹਾਡੀ ਭਾਸ਼ਾ ਅਤੇ ਅੰਗਰੇਜ਼ੀ ਦੋਵੇਂ ਬੋਲ ਸਕਦਾ ਹੈ। ਇਹ ਵਿਅਕਤੀ ਤੁਹਾਡੇ ਸ਼ਬਦਾਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੇਗਾ, ਅਤੇ ਅਦਾਲਤ ਵਿੱਚ ਜਾਂ ਕਿਤੇ ਹੋਰ ਵਰਤੀ ਗਈ ਅੰਗਰੇਜ਼ੀ ਦਾ ਤੁਹਾਡੀ ਭਾਸ਼ਾ ਵਿੱਚ ਅਨੁਵਾਦ ਕਰੇਗਾ। |
| ਅਧਿਕਾਰ ਖੇਤਰ | ਕੇਸਾਂ ਦੀਆਂ ਕਿਸਮਾਂ ਅਤੇ ਕਾਨੂੰਨ ਦੇ ਖੇਤਰ ਜਿਨ੍ਹਾਂ 'ਤੇ ਅਦਾਲਤ ਵਿਚਾਰ ਕਰ ਸਕਦੀ ਹੈ। ਅਦਾਲਤਾਂ ਕੇਵਲ ਉਨ੍ਹਾਂ ਚੀਜ਼ਾਂ ਬਾਰੇ ਹੁਕਮ ਦੇ ਸਕਦੀਆਂ ਹਨ, ਜੋ ਉਨ੍ਹਾਂ ਦੇ ਅਧਿਕਾਰ ਜਾਂ ਸ਼ਕਤੀ ਦੇ ਦਾਇਰੇ ਵਿੱਚ ਆਉਂਦੀਆਂ ਹਨ। |
| ਕਾਨੂੰਨ | ਕਾਨੂੰਨ, ਜਿਵੇਂ ਕਿ ਸੰਸਦ ਦੁਆਰਾ ਬਣਾਏ ਗਏ ਕਾਨੂੰਨ, ਅਤੇ ਪਿਛਲੇ ਕੇਸਾਂ ਵਿੱਚ ਜੱਜਾਂ ਦੁਆਰਾ ਤੈਅ ਕੀਤੀਆਂ ਗਈਆਂ ਚੀਜ਼ਾਂ, ਜਿਸ ਵਿੱਚ ਅਦਾਲਤੀ ਹੁਕਮ ਅਤੇ ਫ਼ੈਸਲੇ ਸ਼ਾਮਲ ਹਨ। |
| ਕਾਨੂੰਨੀ ਸਲਾਹ | ਕਾਨੂੰਨ ਦੇ ਸਪੱਸ਼ਟੀਕਰਨ ਅਤੇ ਇਹ ਤੁਹਾਡੇ ਕੇਸ ਦੇ ਤੱਥਾਂ 'ਤੇ ਕਿਵੇਂ ਲਾਗੂ ਹੁੰਦਾ ਹੈ। |
| ਕਾਨੂੰਨੀ ਕੇਸ *(ਜਾਂ ਕੇਸ)* | ਅਦਾਲਤ ਦੁਆਰਾ ਸੁਣਿਆ ਗਿਆ ਕਾਨੂੰਨੀ ਵਿਵਾਦ, ਜੋ ਕਿਸੇ ਬਿਨੈਕਾਰ, ਮੁਦਈ ਜਾਂ ਅਪੀਲ ਕਰਤਾ ਦੁਆਰਾ ਕਿਸੇ **ਦਾਅਵੇ** ਜਾਂ **ਅਪੀਲ** ਦੁਆਰਾ ਸ਼ੁਰੂ ਕੀਤਾ ਜਾਂਦਾ ਹੈ। |
| ਕਾਨੂੰਨੀ ਦਸਤਾਵੇਜ਼ | ਅਦਾਲਤ ਦੁਆਰਾ ਲੋੜੀਂਦੇ ਉਹ ਦਸਤਾਵੇਜ਼ ਜੋ ਕਿਸੇ ਧਿਰ ਨੂੰ ਅਦਾਲਤ ਵਿੱਚ **ਦਾਇਰ** ਕਰਨ ਲਈ ਦੀ ਲੋੜ ਹੁੰਦੀ ਹੈ। ਇਨ੍ਹਾਂ ਦਸਤਾਵੇਜ਼ਾਂ ਨੂੰ ਆਮ ਤੌਰ 'ਤੇ ਅਦਾਲਤੀ ਫਾਰਮ ਦੀ ਵਰਤੋਂ ਕਰਕੇ ਤਿਆਰ ਕੀਤਾ ਜਾਣਾ ਚਾਹੀਦਾ ਹੈ, ਜੋ ਅਦਾਲਤ ਦੀ ਵੈੱਬਸਾਈਟ 'ਤੇ ਦੇਖਿਆ ਜਾ ਸਕਦਾ ਹੈ। |
| ਕਾਨੂੰਨੀ ਮੁੱਦੇ | ਕਾਨੂੰਨ ਦੀ ਵਿਆਖਿਆ ਕਿਵੇਂ ਕੀਤੀ ਜਾਂਦੀ ਹੈ, ਅਤੇ ਲਾਗੂ ਕੀਤਾ ਜਾਂਦਾ ਹੈ, ਅਦਾਲਤ ਨੂੰ ਇਹ ਫ਼ੈਸਲਾ ਕਰਨ ਦੀ ਲੋੜ ਪਵੇਗੀ। |
| ਕਾਨੂੰਨੀ ਖੋਜ ਡੈਟਾਬੇਸ | ਇੱਕ ਵੈੱਬਸਾਈਟ ਜਿਸ ਵਿੱਚ ਪਿਛਲੇ ਕੇਸਾਂ ਅਤੇ ਵਿਧਾਨ |

| | |
|---|---|
| | ਦੀਆਂ ਨਕਲਾਂ ਸ਼ਾਮਲ ਹੁੰਦੀਆਂ ਹਨ, ਜਿਵੇਂ ਕਿ ਆਸਟ੍ਰੇਲੀਅਨ ਲੀਗਲ ਇਨਫਰਮੇਸ਼ਨ ਇੰਸਟੀਚਿਊਟ ਜਾਂ Jade (ਜੇਡ)। ਕੁਝ ਕਾਨੂੰਨੀ ਖੋਜ ਡੈਟਾਬੇਸਾਂ ਦੀ ਇੱਕ ਸੂਚੀ ਅਟੈਚਮੈਂਟ D ਵਿੱਚ ਉਪਲਬਧ ਹੈ। |
| ਆਪਣਾ ਮੁਕੱਦਮਾ ਖੁਦ ਲੜਨ ਵਾਲਾ | ਇੱਕ ਅਜਿਹੀ ਧਿਰ ਜਿਸ ਕੋਲ ਉਨ੍ਹਾਂ ਦੀ **ਨੁਮਾਇੰਦਗੀ** ਕਰਨ ਲਈ ਕੋਈ ਵਕੀਲ ਨਹੀਂ ਹੈ। |
| ਵਿਚੋਲਗੀ | ਇੱਕ ਕਾਰਵਾਈ ਜਿੱਥੇ ਇੱਕ ਸੁਤੰਤਰ ਵਿਅਕਤੀ, ਜਿਸ ਨੂੰ ਵਿਚੋਲਾ ਕਿਹਾ ਜਾਂਦਾ ਹੈ, ਧਿਰਾਂ ਨੂੰ ਆਪਣੇ ਵਿਵਾਦ ਨੂੰ ਖ਼ਤਮ ਕਰਨ ਲਈ ਇੱਕ ਸਮਝੌਤੇ 'ਤੇ ਪਹੁੰਚਣ ਵਿੱਚ ਸਹਾਇਤਾ ਕਰਦਾ ਹੈ। |
| ਹੁਕਮ | ਅਦਾਲਤ ਦੀ ਕੋਈ ਹਿਦਾਇਤ ਜਾਂ ਫ਼ੈਸਲਾ। ਅਦਾਲਤ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਦੇ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। |
| ਧਿਰ *ਜਾਂ* ਧਿਰਾਂ | ਕਿਸੇ ਕੇਸ ਵਿੱਚ ਸ਼ਾਮਲ ਇੱਕ ਵਿਅਕਤੀ, ਜਿਸ ਵਿੱਚ ਬਿਨੈਕਾਰ (ਮੁਦਈ), ਜਵਾਬਦੇਹ (ਬਚਾਓ ਕਰਤਾ), ਅਤੇ ਅਪੀਲ ਕਰਤਾ ਸ਼ਾਮਲ ਹਨ। ਧਿਰਾਂ ਵਿਅਕਤੀਗਤ, ਸੰਸਥਾਵਾਂ ਜਾਂ ਕਾਰਪੋਰੇਸ਼ਨਾਂ ਹੋ ਸਕਦੀਆਂ ਹਨ। |
| ਪ੍ਰੈਕਟਿਸ ਨੋਟ | ਅਦਾਲਤ ਦੁਆਰਾ ਪ੍ਰਕਾਸ਼ਿਤ ਇੱਕ ਦਸਤਾਵੇਜ਼ ਜੋ ਅਦਾਲਤੀ ਕਾਰਵਾਈ ਨੂੰ ਨਿਰਧਾਰਤ ਕਰਦਾ ਹੈ। |
| ਸੂਡੋ ਕਾਨੂੰਨ | ਬਿਆਨ, ਦਲੀਲਾਂ, ਵਿਸ਼ਵਾਸ਼ ਜਾਂ ਅਭਿਆਸ ਜੋ ਕਾਨੂੰਨ ਦੀ ਤਰ੍ਹਾਂ ਜਾਪਦੇ ਹਨ ਪਰ ਅਸਲ ਕਾਨੂੰਨ 'ਤੇ ਆਧਾਰਿਤ ਨਹੀਂ ਹਨ। |
| ਵਾਜਬ ਤਬਦੀਲੀਆਂ | ਅਦਾਲਤੀ ਕਾਰਵਾਈਆਂ ਜਾਂ ਮਾਹੌਲਾਂ ਵਿੱਚ ਤਬਦੀਲੀਆਂ ਜੋ ਵਾਜਬ ਤਰੀਕੇ ਨਾਲ ਕੀਤੀਆਂ ਜਾ ਸਕਦੀਆਂ ਹਨ, ਜੇ ਤੁਹਾਨੂੰ ਅਦਾਲਤ ਤੱਕ ਪਹੁੰਚ ਵਿੱਚ ਮਦਦ ਦੀ ਲੋੜ ਹੈ, ਜਿਵੇਂ ਕਿ ਕਿਸੇ ਅਪੰਗਤਾ ਦੇ ਕਾਰਨ। |
| ਰਜਿਸਟਰਾਰ | ਇੱਕ ਵਿਅਕਤੀ ਜੋ ਤੁਹਾਡੇ ਕੇਸ ਦੇ ਵਿਸ਼ੇਸ਼ ਹਿੱਸਿਆਂ ਨਾਲ ਨਿਪਟਣ ਦੁਆਰਾ ਜੱਜਾਂ ਦੀ ਮਦਦ ਕਰ ਸਕਦਾ ਹੈ, ਜਿਸ |

| | |
|---|---|
| | ਵਿੱਚ ਕੇਸ ਦੇ ਕੁਝ ਵਿਸ਼ੇਸ਼ ਹਿੱਸਿਆਂ ਦਾ ਫ਼ੈਸਲਾ ਕਰਨਾ ਅਤੇ **ਹੁਕਮ** ਦੇਣਾ ਵੀ ਸ਼ਾਮਲ ਹੈ। |
| ਰਜਿਸਟਰੀ | ਹਰੇਕ ਰਾਜ ਅਤੇ ਕੇਂਦਰੀ ਪ੍ਰਦੇਸ਼ ਵਿੱਚ ਇੱਕ ਜਗ੍ਹਾ ਜਿੱਥੇ **ਦਸਤਾਵੇਜ਼** ਅਦਾਲਤ ਕੋਲ ਸੌਂਪੇ ਜਾ ਸਕਦੇ ਹਨ। ਰਜਿਸਟਰੀ ਨੂੰ ਰਜਿਸਟਰੀ ਦੇ ਅਮਲੇ ਦੁਆਰਾ ਚਲਾਇਆ ਜਾਂਦਾ ਹੈ। ਰਜਿਸਟਰੀ ਦੇ ਟਿਕਾਣਿਆਂ ਅਤੇ ਸੰਪਰਕ ਵੇਰਵਿਆਂ ਦੀ ਸੂਚੀ ਅਦਾਲਤ ਦੀ ਵੈੱਬਸਾਈਟ 'ਤੇ ਉਪਲਬਧ ਹੈ। |
| ਨੁਮਾਇੰਦਗੀ | ਜਦ ਕੋਈ ਵਕੀਲ ਦਸਤਾਵੇਜ਼ਾਂ ਦਾ ਖਰੜਾ ਤਿਆਰ ਕਰਨ, ਅਦਾਲਤੀ ਸੁਣਵਾਈਆਂ ਵਿੱਚ ਹਾਜ਼ਰ ਹੋਣ ਅਤੇ ਤੁਹਾਡੀ ਤਰਫ਼ੋਂ ਦੂਸਰੀਆਂ ਧਿਰਾਂ ਨਾਲ ਗੱਲ ਕਰਨ ਵਰਗੀਆਂ ਚੀਜ਼ਾਂ ਕਰਨ ਦੁਆਰਾ ਤੁਹਾਡੇ ਵਾਸਤੇ ਕੰਮ ਕਰਦਾ ਹੈ। |
| ਜਵਾਬਦੇਹ *(ਕਈ ਵਾਰ ਬਚਾਓ ਕਰਤਾ ਵੀ ਕਿਹਾ ਜਾਂਦਾ ਹੈ)* | ਉਹ **ਧਿਰ** ਜੋ ਕਿਸੇ ਕੇਸ ਦਾ ਬਚਾਅ ਕਰ ਰਹੀ ਹੈ। |
| ਸੋਸ਼ਲ ਮੀਡੀਆ | ਇਲੈਕਟ੍ਰੌਨਿਕ ਪਲੇਟਫਾਰਮ ਜਿੱਥੇ ਲੋਕ ਪ੍ਰੋਫਾਈਲ ਬਣਾਉਂਦੇ ਹਨ, ਅਤੇ ਜਾਣਕਾਰੀ ਸਾਂਝੀ ਕਰਨ ਲਈ ਔਨਲਾਈਨ ਭਾਈਚਾਰਿਆਂ ਨਾਲ ਗੱਲ ਕਰਦੇ ਹਨ। ਉਦਾਹਰਣਾਂ ਵਿੱਚ ਫੇਸਬੁੱਕ, ਟਿੱਕਟੌਕ ਅਤੇ ਇੰਸਟਾਗ੍ਰਾਮ ਸ਼ਾਮਲ ਹਨ। |
| ਸੁਪੀਨਾ ***(ਸੰਮਨ)*** | ਅਦਾਲਤ ਦੁਆਰਾ ਜਾਰੀ ਕੀਤਾ ਦਸਤਾਵੇਜ਼, ਜੋ ਕਿਸੇ ਵਿਅਕਤੀ ਨੂੰ ਅਦਾਲਤ ਨੂੰ ਸਬੂਤ ਦੇਣ ਜਾਂ ਅਦਾਲਤ ਨੂੰ ਦਸਤਾਵੇਜ਼ ਦੇਣ ਦਾ ਹੁਕਮ ਦਿੰਦਾ ਹੈ। |

# ਅਟੈਚਮੈਂਟ B – ਅਦਾਲਤ ਦੇ ਉਦੇਸ਼

ਅਦਾਲਤ ਦੇ ਉਦੇਸ਼ **(**ਕਾਨੂੰਨ ਦੀ ਧਾਰਾ **37M):**

ਅਦਾਲਤ ਦਾ ਸਮੁੱਚਾ ਉਦੇਸ਼ ਕਾਨੂੰਨ ਨੂੰ ਲਾਗੂ ਕਰਕੇ ਵਿਵਾਦਾਂ ਨੂੰ ਹੱਲ ਕਰਨਾ ਹੈ, ਅਤੇ ਜਿੰਨੀ ਜਲਦੀ ਹੋ ਸਕੇ, ਸਸਤੇ ਅਤੇ ਚੰਗੀ ਤਰੀਕੇ ਨਾਲ ਅਜਿਹਾ ਕਰਨਾ ਹੈ।

ਅਦਾਲਤ ਇਸ ਉਦੇਸ਼ ਨੂੰ ਧਿਆਨ ਵਿੱਚ ਰੱਖ ਕੇ ਆਪਣੇ ਕੇਸਾਂ ਦਾ ਪ੍ਰਬੰਧ ਕਰਦੀ ਹੈ। ਅਦਾਲਤ ਇਸ ਉਦੇਸ਼ ਨੂੰ ਪੂਰਾ ਕਰਨ ਲਈ ਅਭਿਆਸ ਅਤੇ ਕਾਰਵਾਈ ਦੇ ਨਿਯਮਾਂ ਨੂੰ ਵੀ ਲਾਗੂ ਕਰਦੀ ਹੈ। ਅਭਿਆਸ ਅਤੇ ਕਾਰਵਾਈ ਦੇ ਨਿਯਮ ਕਾਨੂੰਨ ਅਤੇ ਨਿਯਮਾਂ ਵਿੱਚ ਲਿਖੇ ਗਏ ਹਨ।

ਧਿਰਾਂ ਨੂੰ ਲਾਜ਼ਮੀ ਤੌਰ **'**ਤੇ ਅਦਾਲਤ ਨੂੰ ਇਸ ਦੇ ਮਕਸਦ ਦੀ ਪੂਰਤੀ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ **(**ਕਾਨੂੰਨ ਦੀ ਧਾਰਾ **37N):**

ਧਿਰਾਂ ਨੂੰ ਲਾਜ਼ਮੀ ਤੌਰ 'ਤੇ ਅਦਾਲਤ ਨੂੰ ਆਪਣੇ ਉਦੇਸ਼ ਨੂੰ ਪੂਰਾ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ। ਉਹ ਆਪਣੇ ਵਿਵਾਦ ਨੂੰ ਸੁਲਝਾਉਣ ਲਈ ਆਪਣੀ ਪੂਰੀ ਕੋਸ਼ਿਸ਼ ਕਰਕੇ ਅਜਿਹਾ ਕਰਨਗੇ। ਇਸ ਵਿੱਚ ਉਹ ਸ਼ਾਮਲ ਹੁੰਦਾ ਹੈ, ਜਦੋਂ ਉਹ ਆਪਣੇ ਵਿਵਾਦ ਦੇ ਸੰਭਾਵਤ ਨਿਪਟਾਰੇ ਬਾਰੇ ਵਿਚਾਰ-ਵਟਾਂਦਰੇ ਲਈ ਮਿਲਦੇ ਹਨ। ਇੱਕ ਨਿਪਟਾਰਾ ਉਦੋਂ ਹੁੰਦਾ ਹੈ, ਜਦੋਂ ਧਿਰਾਂ ਅਦਾਲਤ ਤੋਂ ਬਾਹਰ ਸਹਿਮਤ ਹੁੰਦੀਆਂ ਹਨ ਕਿ ਉਹ ਆਪਣੇ ਵਿਵਾਦ ਨੂੰ ਕਿਵੇਂ ਖ਼ਤਮ ਕਰਨਗੀਆਂ। ਧਿਰ ਦੇ ਵਕੀਲ ਨੂੰ ਲਾਜ਼ਮੀ ਤੌਰ 'ਤੇ ਉਨ੍ਹਾਂ ਦੇ ਵਿਵਾਦ ਨੂੰ ਸੁਲਝਾਉਣ ਵਿੱਚ ਮਦਦ ਕਰਨੀ ਚਾਹੀਦੀ ਹੈ।

ਅਦਾਲਤ ਕਿਸੇ ਵਕੀਲ ਨੂੰ ਆਪਣੇ ਮੁਵੱਕਲ ਨੂੰ ਇਸ ਬਾਰੇ ਵਿਚਾਰ ਦੇਣ ਲਈ ਕਹਿ ਸਕਦੀ ਹੈ, ਕਿ ਅਦਾਲਤ ਵਿੱਚ ਵਿਵਾਦ ਨੂੰ ਹੱਲ ਕਰਨ ਨੂੰ ਕਿੰਨਾ ਸਮਾਂ ਲੱਗੇਗਾ, ਅਤੇ ਇਸ ਦੇ ਕੀ ਖ਼ਰਚੇ ਹੋ ਸਕਦੇ ਹਨ। ਖ਼ਰਚਿਆਂ ਵਿੱਚ ਵਕੀਲਾਂ ਦੀਆਂ ਫ਼ੀਸਾਂ ਦੇ ਨਾਲ-ਨਾਲ ਅਦਾਲਤ ਅਤੇ ਦੂਸਰਿਆਂ ਨੂੰ ਦੇਣ ਵਾਲੀਆਂ ਹੋਰ ਫ਼ੀਸਾਂ ਸ਼ਾਮਲ ਹਨ। ਇਹ ਧਿਰ ਨੂੰ ਇਹ ਫ਼ੈਸਲਾ ਕਰਨ ਵਿੱਚ ਸਹਾਇਤਾ ਕਰੇਗਾ, ਕਿ ਕੀ ਅਦਾਲਤੀ ਕੇਸ ਨੂੰ ਅੱਗੇ ਵਧਾਉਣਾ ਉਨ੍ਹਾਂ ਦੇ ਲਈ ਸਹੀ ਹੈ, ਜਾਂ ਕੀ ਕੇਸ ਦਾ ਨਿਪਟਾਰਾ ਕਰਨਾ ਬਿਹਤਰ ਹੋਵੇਗਾ।

ਜੇ ਕੋਈ ਧਿਰ ਵਿਵਾਦ ਨੂੰ ਹੱਲ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਨਹੀਂ ਕਰਦੀ, ਜਿਸ ਵਿੱਚ ਨਿਪਟਾਰੇ ਲਈ ਗੱਲਬਾਤ ਦੇ ਦੌਰਾਨ ਵੀ ਸ਼ਾਮਲ ਹੈ, ਤਾਂ ਅਦਾਲਤ ਉਨ੍ਹਾਂ ਦੇ ਵਿਰੁੱਧ ਖ਼ਰਚਿਆਂ ਦਾ ਹੁਕਮ ਦੇ ਸਕਦੀ ਹੈ।

ਜੇ ਕਿਸੇ ਧਿਰ ਦੇ ਵਕੀਲ ਨੇ ਉਨ੍ਹਾਂ ਦੇ ਵਿਵਾਦ ਨੂੰ ਜਿੰਨੀ ਜਲਦੀ ਹੋ ਸਕੇ, ਸਸਤੇ ਅਤੇ ਚੰਗੀ ਤਰੀਕੇ ਨਾਲ ਹੱਲ ਕਰਨ ਵਿੱਚ ਸਹਾਇਤਾ ਨਹੀਂ ਕੀਤੀ, ਤਾਂ ਅਦਾਲਤ ਵਕੀਲ ਦੇ ਖਿਲਾਫ਼ ਖ਼ਰਚਿਆਂ ਦਾ ਹੁਕਮ ਦੇ ਸਕਦੀ ਹੈ। ਉਸ ਸਥਿਤੀ ਵਿੱਚ, ਵਕੀਲ ਆਪਣੇ ਮੁਵੱਕਲ ਤੋਂ ਇਹ ਖ਼ਰਚੇ ਵਾਪਸ ਨਹੀਂ ਮੰਗ ਸਕਦਾ।

# ਅਟੈਚਮੈਂਟ C – ਪ੍ਰੈਕਟਿਸ ਨੋਟਸ

ਇੱਥੇ ਉਹ ਥਾਂ ਹੈ, ਜਿੱਥੇ ਤੁਸੀਂ ਅਦਾਲਤ ਦੇ ਹੋਰ ਸਾਰੇ ਪ੍ਰੈਕਟਿਸ ਨੋਟ ਲੱਭ ਸਕਦੇ ਹੋ

***Central Practice Note***

- Central Practice Note (CPN-1)

***National Practice Area Practice Notes***

- Administrative and Constitutional Law and Human Rights Practice Note (ACLHR-1)
- Admiralty and Maritime Practice Note (A&M-1)
- Commercial and Corporations Practice Note (C&C-1)
- Commercial Arbitration Practice Note (CA-1)
- Defamation Practice Note (DEF-1)
- Employment and Industrial Relations Practice Note (E&IR-1)
- Federal Crime and Related Proceedings Practice Note (CRIME-1)
- General and Personal Insolvency Sub-area Practice Note (GPI-1)
- Intellectual Property Practice Note (IP-1)
- Intellectual Property Practice Note – Standard Directions for Australian Patent Proceedings (IP-2)
- Migration Practice Note (MIG-1)
- Migration Practice Note - Removal from Australia of Immigration Detainees who have Proceedings before the Court (MIG-2)
- Native Title Practice Note (NT-1)
- Taxation Practice Note (TAX-1).

***General Practice Notes***

- Access to Documents and Transcripts Practice Note (GPN-ACCS)
- Class Actions Practice Note (GPN-CA)
- Consent Orders Involving a Federal Tribunal Practice Note (GPN-TRIB)
- Costs Practice Note (GPN-COSTS)
- Cross-Border Insolvency Practice Note: Cooperation with Foreign Courts or Foreign Representatives (GPN-XBDR)
- Duty (Urgent) Applications Interim Practice Note during 3 Region Trial

(GPN-DUTY)

- eBooks Practice Note (GPN-eBOOKS)
- Enforcement, Endorsement and Contempt Practice Note (GPN-ENF)
- Expert Evidence Practice Note (GPN-EXPT)
- Foreign Judgments Practice Note (GPN-FRGN)
- Freezing Orders Practice Note (GPN-FRZG)
- Interest on judgments Practice Note (GPN-INT)
- Lists of Authorities and Citations Practice Note (GPN-AUTH)
- Next Generation Initiative Practice Note (GPN-NGI)
- Overseas Service and Evidence Practice Note (GPN-OSE)
- Referee and Assessor Practice Note (GPN-REF)
- Schemes of Arrangement Practice Note (GPN-SOA)
- Search Orders Practice Note (GPN-SRCH)
- Subpoenas and Notices to Produce Practice Note (GPN-SUBP)
- Survey Evidence Practice Note (GPN-SURV)
- Technology and the Court Practice Note (GPN-TECH)
- Usual Undertaking as to Damages Practice Note (GPN-UNDR)
- Working with Interpreters Practice Note (GPN-INTERP)

***Appeals Practice Notes***

- Practice Note APP 1: Case management of Full Court and Appellate Matters
- Practice Note APP 2: Content of Appeal Books and Preparation for Hearing

## ਅਟੈਚਮੈਂਟ D – ਕਾਨੂੰਨੀ ਖੋਜ ਡੈਟਾਬੇਸ

ਹੇਠ ਲਿਖੇ ਕਾਨੂੰਨੀ ਖੋਜ ਡੈਟਾਬੇਸ ਪਹੁੰਚ ਕਰਨ ਲਈ ਮੁਫ਼ਤ ਹਨ:

| ਨਾਮ | ਉਪਲਬਧ ਜਾਣਕਾਰੀ |
|---|---|
| ਆਸਟ੍ਰੇਲੇਸ਼ੀਅਨ ਲੀਗਲ ਇਨਫਰਮੇਸ਼ਨ ਇੰਸਟੀਚਿਊਟ (AustLII) | ਜ਼ਿਆਦਾਤਰ ਆਸਟ੍ਰੇਲੀਆ ਦੀਆਂ ਅਦਾਲਤਾਂ ਅਤੇ ਟ੍ਰਿਬਿਊਨਲਾਂ ਤੋਂ ਕੇਸ। ਸਾਰੇ ਕੇਸ AustLII ਰਾਹੀਂ ਉਪਲਬਧ ਨਹੀਂ ਹਨ। |
| Jade (ਜੇਡ) | ਜ਼ਿਆਦਾਤਰ ਆਸਟ੍ਰੇਲੀਆ ਦੀਆਂ ਅਦਾਲਤਾਂ ਅਤੇ ਟ੍ਰਿਬਿਊਨਲਾਂ ਤੋਂ ਕੇਸ। ਸਾਰੇ ਕੇਸ Jade (ਜੇਡ) ਰਾਹੀਂ ਉਪਲਬਧ ਨਹੀਂ ਹਨ। |
| ਫ਼ੈਡਰਲ ਰਜਿਸਟਰ ਆਫ਼ ਲੈਜਿਸਲੇਸ਼ਨ (ਕਾਨੂੰਨਾਂ ਦਾ ਫ਼ੈਡਰਲ ਰਜਿਸਟਰ) | ਸਾਰੇ ਫ਼ੈਡਰਲ ਕਾਨੂੰਨ। |
| ਫ਼ੈਡਰਲ ਕੋਰਟ ਆਫ਼ ਆਸਟ੍ਰੇਲੀਆ ਦੇ ਫ਼ੈਸਲਿਆਂ ਦੀ ਭਾਲ | 1977 ਤੋਂ ਲੈ ਕੇ ਆਸਟ੍ਰੇਲੀਆ ਦੀ ਫ਼ੈਡਰਲ ਕੋਰਟ ਅਤੇ ਫ਼ੈਡਰਲ ਕੋਰਟ ਆਫ਼ ਆਸਟ੍ਰੇਲੀਆ ਦੀ ਫੁੱਲ ਕੋਰਟ ਦੇ ਸਾਰੇ ਫ਼ੈਸਲੇ। ਜੱਜਮੈਂਟਸ ਸਰਚ ਸਾਈਟ 'ਤੇ ਵਧੇਰੇ ਜਾਣਕਾਰੀ ਅਦਾਲਤ ਦੀ ਵੈੱਬਸਾਈਟ 'ਤੇ ਵੇਖੀ ਜਾ ਸਕਦੀ ਹੈ। |